ਰਿਲੇਅ ਪੇਮੇਂਟਸ ਇੰ.
ਵੈੱਬਸਾਈਟ ਵਰਤਣ ਦੀਆਂ ਆਮ ਸ਼ਰਤਾਂ
ਆਖ਼ਿਰੀ ਵਾਰ ਅਪਡੇਟ ਕੀਤਾ ਗਿਆ: ਦਸੰਬਰ 5, 2024

1. ਵਰਤੋਂ ਦਾ ਕਾਰਜ-ਖੇਤਰ

ਰਿਲੇਅ ਪੇਮੇਂਟਸ, ਇੰ. (“ਰਿਲੇਅ ”, “ਅਸੀਂ”, “ਸਾਡਾ”, ਜਾਂ “ਸਾਡੇ”) ਤੁਹਾਨੂੰ ਸਾਈਟ ਦੇ ਉਪਭੋਗਤਾ
(“ਤੁਸੀਂ” ਜਾਂ “ਤੁਹਾਡੀ”) ਵੈੱਬਸਾਈਟ (https://www.relay payments.com) ਅਤੇ ਮੋਬਾਈਲ ਐਪਲੀਕੇਸ਼ਨ (ਸਮੂਹਿਕ ਤੌਰ 'ਤੇ, “ਸਾਈਟ”), ਤੁਹਾਡੀ ਵਪਾਰਕ ਵਰਤੋਂ ਲਈ ਪ੍ਰਦਾਨ ਕਰਦਾ ਹੈ ਅਤੇ ਵੈੱਬਸਾਈਟ ਵਰਤੋਂ ਦੀਆਂ ਹੇਠਾਂ ਦਿੱਤੀ ਸ਼ਰਤਾਂ (ਇਹ “ਸ਼ਰਤਾਂ”) ਦੇ ਅਧੀਨ ਹੈ। ਇਹ ਨਿਯਮ ਉਨ੍ਹਾਂ ਨਿਯਮ ਅਤੇ ਸ਼ਰਤਾਂ ਦੇ ਲਈ ਨਿਰਧਾਰਤ ਹਨ ਜੋ ਸਾਈਟ ਦੀ ਪਹੁੰਚ ਅਤੇ ਵਰਤੋਂ ਨੂੰ ਨਿਯੰਤਰਿਤ ਕਰਦੇ ਹਨ। ਸਾਈਟ ਦੀ ਵਰਤੋਂ ਕਰਨ ਅਤੇ ਇਸ ਤੱਕ ਪਹੁੰਚ ਕਰਨ ਦੁਆਰਾ, ਤੁਸੀਂ ਇਹਨਾਂ ਸ਼ਰਤਾਂ ਵਿੱਚ ਦਾਖਲ ਹੁੰਦੇ ਹੋ ਅਤੇ ਉਹਨਾਂ ਨਾਲ ਸਹਿਮਤ ਹੁੰਦੇ ਹੋ, ਅਤੇ ਜੇਕਰ ਤੁਸੀਂ ਕਿਸੇ ਕਾਨੂੰਨੀ ਇਕਾਈ (ਜਿਵੇਂ ਕਿ ਇੱਕ ਕਾਰੋਬਾਰ ਜਾਂ ਤੁਹਾਡੇ ਰੁਜ਼ਗਾਰਦਾਤਾ) ਦੀ ਤਰਫੋਂ ਸਾਈਟ ਦੀ ਵਰਤੋਂ ਕਰ ਰਹੇ ਹੋ, ਤਾਂ ਤੁਸੀਂ ਇਸਦੀ ਪ੍ਰਤੀਨਿਧਤਾ ਕਰਦੇ ਹੋ ਅਤੇ ਭਰੋਸਾ ਦਿਵਾਉਂਦੇ ਹੋ ਕਿ ਤੁਹਾਡੇ ਕੋਲ ਇਸਦੇ ਲਈ ਲੋੜੀਂਦੇ ਅਧਿਕਾਰ ਹਨ। ਹੇਠ ਲਿਖੀਆਂ ਸ਼ਰਤਾਂ ਦੇ ਉਦੇਸ਼ਾਂ ਲਈ, "ਅਸੀਂ", "ਸਾਡਾ" ਅਤੇ "ਸਾਡੇ" ਦੇ ਸੰਦਰਭਾਂ ਵਿੱਚ ਰਿਲੇਅ ਅਤੇ ਸਾਡੇ ਸਹਿਯੋਗੀ, ਸਹਾਇਕ, ਏਜੰਟ, ਪ੍ਰਤੀਨਿਧੀ, ਉੱਤਰਾਧਿਕਾਰੀ ਅਤੇ ਅਸਾਈਨ ਸ਼ਾਮਲ ਹਨ।

ਕਿਸੇ ਵੀ ਉਦੇਸ਼ ਦੇ ਲਈ ਸਾਡੀ ਸਾਈਟ ਦਾ ਉਪਯੋਗ ਤੁਹਾਡੀ ਸਹਿਮਤੀ ਦਿੰਦੀ ਹੈ ਕਿ (a) ਤੁਸੀਂ ਇੱਥੇ ਸ਼ਾਮਲ ਸਾਰੀਆਂ ਸ਼ਰਤਾਂ ਨੂੰ ਪੜ੍ਹ ਲਿਆ ਹੈ, ਸਮਝ ਲਿਆ ਹੈ ਅਤੇ ਉਹਨਾਂ ਦੁਆਰਾ ਬੰਨ੍ਹੇ ਹੋਏ ਹੋ; (b) ਤੁਸੀਂ ਪੁਸ਼ਟੀ ਕਰਦੇ ਹੋ, ਨੁਮਾਇੰਦਗੀ ਕਰਦੇ ਹੋ, ਅਤੇ ਵਾਰੰਟੀ ਦਿੰਦੇ ਹੋ ਕਿ ਤੁਸੀਂ ਇਹਨਾਂ ਸ਼ਰਤਾਂ ਵਿੱਚ ਨਿਰਧਾਰਤ ਸਾਰੀਆਂ ਯੋਗਤਾ ਲੋੜਾਂ ਨੂੰ ਪੂਰਾ ਕਰਦੇ ਹੋ ਅਤੇ ਇਹਨਾਂ ਸ਼ਰਤਾਂ ਵਿੱਚ ਨਿਰਧਾਰਤ ਨਿਯਮਾਂ, ਜ਼ਿੰਮੇਵਾਰੀਆਂ, ਪੁਸ਼ਟੀਕਰਨ, ਪ੍ਰਤੀਨਿਧਤਾਵਾਂ, ਅਤੇ ਵਾਰੰਟੀਆਂ ਵਿੱਚ ਦਾਖਲ ਹੋਣ ਲਈ ਪੂਰੀ ਤਰ੍ਹਾਂ ਯੋਗ ਅਤੇ ਸਮਰੱਥ ਹੋ ਅਤੇ ; ਅਤੇ (c) ਤੁਸੀਂ ਮੰਨਦੇ ਹੋ ਕਿ ਤੁਸੀਂ ਸਾਡੀਆਂ ਇਨ੍ਹਾਂ ਸ਼ਰਤਾਂ ਦੇ ਨਾਲ ਪ੍ਰਵੇਸ਼ ਕਰ ਰਹੇ ਹੋ। ਕਿਸੇ ਵੀ ਲਾਗੂ ਕਾਨੂੰਨਾਂ ਅਤੇ ਨਿਯਮਾਂ ਦੀ ਉਲੰਘਣਾ ਜਾਂ ਸਾਡੇ ਕਿਸੇ ਵੀ ਸੇਵਾ ਪ੍ਰਦਾਤਾ ਦੇ ਨਿਯਮਾਂ ਦੀ ਉਲੰਘਣਾ ਤੁਹਾਡੀ ਇਸ ਸਾਈਟ ਦੀ ਵਰਤੋਂ ਇਹਨਾਂ ਨਿਯਮਾਂ ਦੀ ਉਲੰਘਣਾ ਹੈ। ਸਾਡੀ ਸਾਈਟ 'ਤੇ ਪਹੁੰਚਯੋਗ ਲਿੰਕਡ ਵੈਬਸਾਈਟਾਂ ਦੁਆਰਾ ਸਾਡੇ ਦੁਆਰਾ ਪ੍ਰਦਾਨ ਕੀਤੇ ਗਏ ਕੁਝ ਹੋਰ ਪ੍ਰੋਗਰਾਮਾਂ ਜਾਂ ਸੇਵਾਵਾਂ ਵਿੱਚ ਉਹਨਾਂ ਸੇਵਾਵਾਂ ਦੀ ਤੁਹਾਡੀ ਵਰਤੋਂ ਦੇ ਸਬੰਧ ਵਿੱਚ ਵਾਧੂ ਨਿਯਮ ਅਤੇ ਸ਼ਰਤਾਂ ਹੋ ਸਕਦੀਆਂ ਹਨ, ਅਤੇ ਇਹਨਾਂ ਨਿਯਮਾਂ ਵਿੱਚ ਕੁਝ ਵੀ ਅਜਿਹੇ ਨਿਯਮਾਂ ਅਤੇ ਸ਼ਰਤਾਂ ਨੂੰ ਸੋਧਣ ਦਾ ਇਰਾਦਾ ਨਹੀਂ ਹੈ।

ਇਹ ਨੀਤੀ ਅੰਗਰੇਜ਼ੀ ਭਾਸ਼ਾ ਵਿੱਚ ਲਾਗੂ ਕੀਤੀ ਜਾਂਦੀ ਹੈ, ਅਤੇ ਅੰਗਰੇਜ਼ੀ ਸੰਸਕਰਣ ਅਤੇ ਕਿਸੇ ਹੋਰ ਭਾਸ਼ਾ ਵਿੱਚ ਕਿਸੇ ਵੀ ਅਨੁਵਾਦ ਦੇ ਵਿਚਕਾਰ ਕਿਸੇ ਟਕਰਾਅ ਦੀ ਸਥਿਤੀ ਵਿੱਚ, ਅੰਗਰੇਜ਼ੀ ਸੰਸਕਰਣ ਪ੍ਰਬਲ ਹੋਵੇਗਾ, ਅਜਿਹਾ ਕੋਈ ਅਨੁਵਾਦ ਸਿਰਫ ਸਹੂਲਤ ਲਈ ਪ੍ਰਦਾਨ ਕੀਤਾ ਜਾਂਦਾ ਹੈ ਅਤੇ ਇਸਦਾ ਕੋਈ ਬਾਈਡਿੰਗ ਪ੍ਰਭਾਵ ਨਹੀਂ ਹੁੰਦਾ।

ਜੇਕਰ ਤੁਸੀਂ ਇਹਨਾਂ ਸ਼ਰਤਾਂ ਨਾਲ ਸਹਿਮਤ ਨਹੀਂ ਹੋ, ਤਾਂ ਤੁਸੀਂ ਵੈੱਬਸਾਈਟ ਤੱਕ ਪਹੁੰਚ ਜਾਂ ਇਸਦੀ ਵਰਤੋਂ ਨਹੀਂ ਕਰ ਸਕਦੇ ਹੋ।

2. ਸੰਸ਼ੋਧਨ

ਲਾਗੂ ਕਾਨੂੰਨ ਦੇ ਅਧੀਨ, ਅਸੀਂ ਵੈੱਬਸਾਈਟ ਨੂੰ ਸੰਸ਼ੋਧਿਤ ਕਰਨ ਅਤੇ ਸ਼ਰਤਾਂ ਨੂੰ ਕਿਸੇ ਵੀ ਸਮੇਂ ਤੁਹਾਨੂੰ ਅਗਾਊਂ ਨੋਟਿਸ ਦਿੱਤੇ ਬਿਨਾਂ ਆਪਣੇ ਵਿਵੇਕ ਨਾਲ ਬਦਲਣ ਦਾ ਅਧਿਕਾਰ ਰਾਖਵਾਂ ਰੱਖਦੇ ਹਾਂ। ਜੇਕਰ ਅਸੀਂ ਇਹਨਾਂ ਸ਼ਰਤਾਂ ਵਿੱਚ ਤਬਦੀਲੀਆਂ ਕਰਦੇ ਹਾਂ, ਤਾਂ ਅਸੀਂ ਵੈੱਬਸਾਈਟ 'ਤੇ ਸੰਸ਼ੋਧਿਤ ਸ਼ਰਤਾਂ ਨੂੰ ਪੋਸਟ ਕਰਕੇ ਅਤੇ ਇਸ ਵੈਬਪੇਜ ਦੇ ਸਿਖਰ 'ਤੇ "ਆਖ਼ਿਰੀ ਵਾਰ ਅਪਡੇਟ ਕੀਤਾ ਗਿਆ" ਮਿਤੀ ਨੂੰ ਅੱਪਡੇਟ ਕਰਕੇ ਤੁਹਾਨੂੰ ਅਜਿਹੀਆਂ ਤਬਦੀਲੀਆਂ ਦੀ ਸੂਚਨਾ ਪ੍ਰਦਾਨ ਕਰਾਂਗੇ। ਤੁਸੀਂ ਸਮਝਦੇ ਹੋ ਅਤੇ ਸਹਿਮਤ ਹੁੰਦੇ ਹੋ ਕਿ ਸਾਡੇ ਦੁਆਰਾ ਅਜਿਹੀਆਂ ਤਬਦੀਲੀਆਂ ਕਰਨ ਤੋਂ ਬਾਅਦ ਵੈੱਬਸਾਈਟ ਦੀ ਤੁਹਾਡੀ ਨਿਰੰਤਰ ਵਰਤੋਂ ਨੂੰ ਸੰਸ਼ੋਧਿਤ ਸ਼ਰਤਾਂ ਦੀ ਤੁਹਾਡੀ ਸਵੀਕ੍ਰਿਤੀ ਮੰਨਿਆ ਜਾਵੇਗਾ। ਜੇਕਰ ਤੁਸੀਂ ਕਿਸੇ ਵੀ ਸੰਸ਼ੋਧਿਤ ਨਿਯਮ ਨਾਲ ਸਹਿਮਤ ਨਹੀਂ ਹੋ, ਤਾਂ ਤੁਹਾਨੂੰ ਤੁਰੰਤ ਵੈੱਬਸਾਈਟ ਦੀ ਵਰਤੋਂ ਕਰਨਾ ਬੰਦ ਕਰ ਦੇਣਾ ਚਾਹੀਦਾ ਹੈ।

3. ਗੋਪਨੀਯਤਾ ਨੀਤੀ

ਕਿਰਪਾ ਕਰਕੇ ਤੁਸੀਂ ਸਾਡੀ ਗੋਪਨੀਯਤਾ ਨੀਤੀ (“ਗੋਪਨੀਯਤਾ ਨੀਤੀ”), ਜੋ ਕਿ

https://www.relaypayments.com/legal 'ਤੇ ਮੌਜੂਦ ਹੈ, ਇਸ ਬਾਰੇ ਜਾਣਕਾਰੀ ਲਈ ਕਿ ਅਸੀਂ ਆਪਣੇ ਉਪਭੋਗਤਾਵਾਂ ਬਾਰੇ ਜਾਣਕਾਰੀ ਕਿਵੇਂ ਇਕੱਠੀ ਕਰਦੇ, ਵਰਤਦੇ ਅਤੇ ਸਾਂਝਾ ਕਰਦੇ ਹਾਂ। ਇਹਨਾਂ ਸ਼ਰਤਾਂ ਨਾਲ ਸਹਿਮਤ ਹੋ ਕੇ, ਤੁਸੀਂ ਇੱਥੇ ਸੰਦਰਭ ਵਿੱਚ ਸ਼ਾਮਲ ਕੀਤੀ ਗਈ ਸਾਡੀ ਗੋਪਨੀਯਤਾ ਨੀਤੀ ਨਾਲ ਵੀ ਸਹਿਮਤ ਹੁੰਦੇ ਹੋ, ਅਤੇ ਤੁਸੀਂ ਸਵੀਕਾਰ ਕਰਦੇ ਹੋ ਕਿ ਤੁਸੀਂ ਨਿਯਮਾਂ ਅਤੇ ਗੋਪਨੀਯਤਾ ਨੀਤੀ ਵਿੱਚ ਕਿਸੇ ਵੀ ਤਰ੍ਹਾਂ ਦੇ ਅਤੇ ਸਾਰੇ ਅਪਡੇਟਾਂ ਨਾਲ ਆਪਣੇ ਆਪ ਨੂੰ ਜਾਣੂ ਕਰਵਾਉਣ ਲਈ ਨਿਯਮਿਤ ਤੌਰ 'ਤੇ ਨਿਯਮਾਂ ਅਤੇ ਸਾਡੀ ਗੋਪਨੀਯਤਾ ਨੀਤੀ ਨਾਲ ਖੁੱਦ ਨੂੰ ਅਪਡੇਟ ਕਰੋਗੇ।

4. <u>ਪੰਜੀਕਰਣ; ਸੁਰੱਖਿਆ;ਮਨਜ਼ੂਰੀ</u>

A. ਪੰਜੀਕਰਣ। ਜੇਕਰ ਤੁਸੀਂ ਸਾਡੀ ਕਿਸੇ ਦੀ ਸੇਵਾ ਦੀ ਵਰਤੋਂ ਕਰਦੇ ਹੋ ਜਾਂ ਸਾਡੀ ਵੈੱਬਸਾਈਟ ਰਾਹੀਂ ਸਾਨੂੰ ਕੋਈ ਵੀ ਜਾਣਕਾਰੀ ਪ੍ਰਦਾਨ ਕਰਦੇ ਹੋ, ਜਿਸ ਵਿੱਚ ਬਿਨਾਂ ਬੰਦਸ਼ ਦੇ, ਤੁਹਾਡਾ ਜਾਂ ਤੁਹਾਡੇ ਰੁਜ਼ਗਾਰਦਾਤਾ ਦਾ ਨਾਮ, ਸੋਸ਼ਲ ਸਿਕੀਉਰਟੀ ਨੰਬਰ, ਜਨਮ ਮਿਤੀ, ਪਤਾ, ਫ਼ੋਨ ਨੰਬਰ, ਜਾਂ ਪ੍ਰਦਾਨ ਕੀਤੀ ਕੋਈ ਹੋਰ ਜਾਣਕਾਰੀ ਸ਼ਾਮਲ ਹੈ (ਸਮੂਹਿਕ ਤੌਰ 'ਤੇ, ਤੁਹਾਡਾ "ਪੰਜੀਕਰਣ ਡੇਟਾ"), ਉਹ ਤੁਸੀਂ ਸਹੀ, ਸਟੀਕ, ਮੌਜੂਦਾ, ਸੰਪੂਰਨ ਅਤੇ ਅੱਪਡੇਟ ਕੀਤੀ ਜਾਣਕਾਰੀ ਪ੍ਰਦਾਨ ਕਰਨ ਲਈ ਸਹਿਮਤ ਹੋ। ਤੁਸੀਂ ਕੋਈ ਵੀ ਖਾਸ ਖਾਤਾ ਡੇਟਾ ਪ੍ਰਦਾਨ ਕਰਨ ਲਈ ਸਹਿਮਤ ਹੋ ਜੋ ਅਸੀਂ ਜ਼ਰੂਰੀ ਸਮਝਦੇ ਹਾਂ। ਜੇਕਰ ਤੁਸੀਂ ਕੋਈ ਵੀ ਜਾਣਕਾਰੀ ਪ੍ਰਦਾਨ ਕਰਦੇ ਹੋ ਜੋ ਕਿ ਝੂਠ, ਗਲਤ, ਗੈਰ-ਮੌਜੂਦਾ ਜਾਂ ਅਧੂਰੀ ਹੈ, ਜਾਂ ਸਾਡੇ ਕੋਲ ਇਹ ਸ਼ੱਕ ਕਰਨ ਦੇ ਵਾਜਬ ਆਧਾਰ ਹਨ ਕਿ ਅਜਿਹੀ ਜਾਣਕਾਰੀ ਝੂਠੀ, ਗਲਤ, ਗੈਰ-ਮੌਜੂਦਾ ਜਾਂ ਅਧੂਰੀ ਹੈ, ਤਾਂ ਸਾਡੇ ਕੋਲ ਤੁਹਾਡੀ ਕਿਸੇ ਵੀ ਜਾਂ ਸਾਰੀ ਵੈੱਬਸਾਈਟ (ਜਾਂ ਇਸਦੇ ਕਿਸੇ ਵੀ ਹਿੱਸੇ ਦਾ) ਦੀ ਵਰਤਮਾਨ ਜਾਂ ਭਵਿੱਖ ਵਿੱਚ ਪਹੁੰਚ ਜਾਂ ਵਰਤੋਂ ਖਤਮ ਕਰਨ ਜਾਂ ਰੱਦ ਕਰਨ ਦਾ ਅਧਿਕਾਰ ਹੋਵੇਗਾ। ਅਸੀਂ ਵੈੱਬਸਾਈਟ ਅਤੇ ਤੁਹਾਡੇ ਨਾਲ ਜੁੜੇ ਕਿਸੇ ਵੀ ਖਾਤੇ ("ਰਿਲੇਅ ਅਕਾਉਂਟ") ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਲੋੜੀਂਦੀ ਕੋਈ ਵੀ ਕਾਰਵਾਈ ਕਰਨ ਦਾ ਅਧਿਕਾਰ ਰਾਖਵਾਂ ਰੱਖਦੇ ਹਾਂ, ਜਿਸ ਵਿੱਚ ਬਿਨਾਂ ਕਿਸੇ ਬੰਦਸ਼ ਦੇ, ਤੁਹਾਡਾ ਪਾਸਵਰਡ ਬਦਲਣਾ, ਤੁਹਾਡੇ ਰਿਲੇਅ ਖਾਤੇ ਨੂੰ ਖਤਮ ਕਰਨ ਸਮੇਤ ਤੁਹਾਡੇ ਰਿਲੇਅ ਖਾਤੇ 'ਤੇ ਕੀਤੀਆਂ ਗਈਆਂ ਤਬਦੀਲੀਆਂ ਨੂੰ ਅਧਿਕਾਰਤ ਕਰਨ ਲਈ ਵਾਧੂ ਜਾਣਕਾਰੀ ਦੀ ਬੇਨਤੀ ਕਰਨਾ ਸ਼ਾਮਲ ਹੈ।

B. ਸੁਰੱਖਿਆ। ਤੁਸੀਂ ਆਪਣੇ ਰਿਲੇਅ ਖਾਤੇ ਦੇ ਪਾਸਵਰਡ ਅਤੇ ਹੋਰ ਲੈਗਇਨ ਕ੍ਰੇਡੈਂਸ਼ਿਅਲਸ ਦੀ ਸੁਰੱਖਿਆ ਅਤੇ ਤੁਹਾਡੇ ਰੀਲੇ ਖਾਤੇ ਤੱਕ ਪਹੁੰਚ ਨੂੰ ਸੀਮਤ ਕਰਨ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹੋ। ਤੁਸੀਂ ਆਪਣੇ ਰਿਲੇਅ ਖਾਤੇ ਦੀ ਲੈਗਇਨ ਜਾਣਕਾਰੀ ਦੀ ਕਿਸੇ ਵੀ ਅਣਅਧਿਕਾਰਤ ਵਰਤੋਂ ਜਾਂ ਸੁਰੱਖਿਆ ਦੀ ਕਿਸੇ ਹੋਰ ਉਲੰਘਣਾ ਬਾਰੇ ਤੁਰੰਤ ਰਿਲੇਅ ਨੂੰ ਸੂਚਿਤ ਕਰਨ ਲਈ ਸਹਿਮਤ ਹੋ। ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਰਿਲੇਅ ਖਾਤੇ ਦੀ ਲੈਗਇਨ ਜਾਣਕਾਰੀ ਗੁੰਮ ਜਾਂ ਚੋਰੀ ਹੋ ਗਈ ਹੈ ਜਾਂ ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਰਿਲੇਅ ਖਾਤੇ ਦੇ ਸਬੰਧ ਵਿੱਚ ਧੋਖਾਧੜੀ ਵਾਲੀ ਗਤੀਵਿਧੀ ਹੋਈ ਹੈ, ਤਾਂ ਰਿਲੇਅ ਗਾਹਕ ਸੇਵਾ ਨਾਲ ਸੰਪਰਕ ਕਰਨਾ ਜਾਂ ਤੁਰੰਤ 1-877- 735-2910 'ਤੇ ਕਾਲ ਕਰਨਾ ਤੁਹਾਡੀ ਜ਼ਿੰਮੇਵਾਰੀ ਹੈ। ਤੁਸੀਂ ਆਪਣੇ ਜਾਂ ਕਿਸੇ ਹੋਰ ਵਿਅਕਤੀ ਜਾਂ ਸੰਸਥਾ ਦੁਆਰਾ ਤੁਹਾਡੇ ਖਾਤੇ ਦੀ ਕਿਸੇ ਵੀ ਵਰਤੋਂ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹੋ, ਜਿਸ ਵਿੱਚ ਰਿਲੇਅ ਖਾਤੇ ਦੇ ਕਿਸੇ ਵੀ ਵਰਤੋਂ ਦੇ ਨਤੀਜੇ ਵੱਜੋ ਜਾਂ ਪੰਜੀਕਰਣ ਡਾਟਾ ਨੂੰ ਸੰਭਾਲ ਕੇ ਨਾ ਰੱਖ ਪਾਣ ਅਤੇ ਸੁਰੱਖਿਆ ਸਵਾਲਾਂ ਅਤੇ ਜਵਾਬਾਂ ਨੂੰ ਗੁਪਤ ਰੱਖਣ ਵਿੱਚ ਅਸਫਲਤਾ ਦੇ ਨਤੀਜੇ ਵੱਜੋਂ ਹੋਣ ਵਾਲੇ ਸਾਰੇ ਦਾਅਵੇ, ਨੁਕਸਾਨ ਜਾਂ ਦੇਣਦਾਰੀਆਂ ਵੀ ਸ਼ਾਮਿਲ ਹਨ। ਭਾਵੇਂ ਅਜਿਹੀ ਅਸਫਲਤਾ ਤੁਹਾਡੀ ਜਾਣਕਾਰੀ ਜਾਂ ਸਹਿਮਤੀ ਦੇ ਨਾਲ ਹੁੰਦੀ ਹੈ ਜਾਂ ਕਿਸੇ ਲਾਪਰਵਾਹੀ ਜਾਂ ਕਮੀ ਦੇ ਨਤੀਜੇ ਵੱਜੋਂ ਹੁੰਦੀ ਹੈ। ਤੁਸੀਂ ਸਾਨੂੰ ਆਪਣੇ ਰਜਿਸਟ੍ਰੇਸ਼ਨ ਡੇਟਾ ਤੱਕ ਕਿਸੇ ਵੀ ਸ਼ੱਕੀ ਜਾਂ ਅਸਲ ਅਣਅਧਿਕਾਰਤ ਪਹੁੰਚ ਜਾਂ ਵਰਤੋਂ ਜਾਂ ਤੁਹਾਡੇ ਰਿਲੇਅ ਖਾਤੇ ਸੁਰੱਖਿਆ ਦੀ ਕਿਸੇ ਹੋਰ ਉਲੰਘਣਾ ਬਾਰੇ ਤੁਰੰਤ ਸੂਚਿਤ ਕਰੋਗੇ।

ਤੁਸੀਂ ਸਾਈਟ ਨੂੰ ਐਕਸੈਸ ਕਰਨ ਅਤੇ ਵਰਤਣ ਲਈ ਲੋੜੀਂਦੇ ਕਿਸੇ ਵੀ ਹਾਰਡਵੇਅਰ, ਸੌਫਟਵੇਅਰ ਅਤੇ ਸੰਚਾਰ ਲਾਈਨਾਂ ਨੂੰ ਆਪਣੇ ਖੁਦ ਦੇ ਜੋਖਮ, ਵਿਕਲਪ ਅਤੇ ਖਰਚੇ 'ਤੇ ਪ੍ਰਦਾਨ ਕਰਨ ਅਤੇ ਰੱਖ-ਰਖਾਅ ਲਈ ਜ਼ਿੰਮੇਵਾਰ ਹੋ, ਅਤੇ ਅਸੀਂ ਕਿਸੇ ਵੀ ਸਮੇਂ ਬਿਨਾਂ ਕਿਸੇ ਪੂਰਵ ਸੂਚਨਾ ਦੇ ਸਾਈਟ ਦੀ ਪਹੁੰਚ ਸੰਰਚਨਾ ਨੂੰ ਬਦਲਣ ਦਾ ਅਧਿਕਾਰ ਰੱਖਦੇ ਹਾਂ। ਆਪਣੇ ਰਿਲੇਅ ਖਾਤੇ ਨੂੰ ਅਣਅਧਿਕਾਰਤ ਗਤੀਵਿਧੀ ਤੋਂ ਬਚਾਉਣ ਲਈ, ਤੁਸੀਂ ਨਿਯਮਿਤ ਤੌਰ 'ਤੇ ਆਪਣੇ ਰਿਲੇਅ ਖਾਤੇ ਵਿੱਚ ਲੈਗਇਨ ਕਰਨ ਅਤੇ ਆਪਣੀ ਰਿਲੇਅ ਖਾਤੇ ਦੀ ਗਤੀਵਿਧੀ ਦੀ ਸਮੀਖਿਆ ਕਰਨ ਦੇ ਨਾਲ-ਨਾਲ ਦੋ-ਕਾਰਕ ਪ੍ਰਮਾਣੀਕਰਨ ਨੂੰ ਈਨੇਬਲ ਕਰਨ ਲਈ ਸਹਿਮਤ ਹੋ।

C. ਮਨਜ਼ੂਰੀਆਂ। ਤੁਸੀਂ ਇਸ ਦੁਆਰਾ ਸਵੀਕਾਰ ਕਰਦੇ ਹੋ ਅਤੇ ਸਹਿਮਤ ਹੁੰਦੇ ਹੋ ਕਿ ਤੁਹਾਡੇ ਰਿਲੇਅ ਖਾਤੇ ਨੂੰ ਐਕਸੈਸ ਕਰਨ ਲਈ ਤੁਹਾਡੇ ਉਪਭੋਗਤਾ ਨਾਮ ਅਤੇ/ਜਾਂ ਪਾਸਵਰਡ ਤੱਕ ਪਹੁੰਚ ਰੱਖਣ ਵਾਲੇ ਕਿਸੇ ਵੀ ਅਤੇ ਸਾਰੇ ਅਫਸਰਾਂ, ਕਰਮਚਾਰੀਆਂ, ਏਜੰਟਾਂ, ਪ੍ਰਤੀਨਿਧੀਆਂ ਅਤੇ ਹੋਰਾਂ ਨੂੰ ਤੁਹਾਡੇ ਰਿਲੇਅ ਖਾਤੇ ਤੱਕ ਤੁਹਾਡੇ ਵੱਲੋਂ ਪਹੁੰਚ ਕਰਨ ਦਾ ਅਧਿਕਾਰ ਦਿੱਤਾ ਜਾਵੇਗਾ। ਤੁਸੀਂ ਮੌਜੂਦਾ ਅਤੇ ਸਾਬਕਾ ਅਧਿਕਾਰੀਆਂ, ਕਰਮਚਾਰੀਆਂ, ਏਜੰਟਾਂ, ਪ੍ਰਤੀਨਿਧੀਆਂ ਅਤੇ ਰਿਲੇਅ ਖਾਤੇ ਤੱਕ ਪਹੁੰਚ ਕਰਨ ਵਾਲੇ ਹੋਰਾਂ ਦੀਆਂ ਕਿਸੇ ਵੀ ਅਤੇ ਸਾਰੀਆਂ ਕਾਰਵਾਈਆਂ ਲਈ ਜ਼ਿੰਮੇਵਾਰ ਹੋਵੋਗੇ, ਭਾਵੇਂ ਉਹ ਤੁਹਾਡੇ ਦੁਆਰਾ ਅਧਿਕਾਰਤ ਹਨ ਜਾਂ ਨਹੀਂ। ਇਸ ਦੁਆਰਾ ਤੁਸੀਂ ਆਪਣੇ ਰਿਲੇਅ ਖਾਤੇ ਦੇ ਉਪਭੋਗਤਾ ਨਾਮ ਅਤੇ/ਜਾਂ ਪਾਸਵਰਡ ਜਾਣਕਾਰੀ ਦੀ ਕਿਸੇ ਵੀ ਧੋਖਾਧੜੀ, ਅਣਅਧਿਕਾਰਤ ਜਾਂ ਹੋਰ ਗਲਤ ਵਰਤੋਂ ਲਈ ਸਾਰੇ ਜੋਖਮਾਂ ਨੂੰ ਚੁੱਕਦੇ ਹੋ। ਰਿਲੇਅ ਨੂੰ ਅਜਿਹੇ ਉਪਭੋਗਤਾ ਨਾਮ ਅਤੇ ਪਾਸਵਰਡ ਨਾਲ ਪ੍ਰਾਪਤ ਸਾਰੀਆਂ ਹਦਾਇਤਾਂ ਦੀ ਸੱਚਾਈ ਅਤੇ ਪ੍ਰਮਾਣਿਕਤਾ 'ਤੇ ਭਰੋਸਾ ਕਰਨ ਅਤੇ ਅਜਿਹੀਆਂ ਹਦਾਇਤਾਂ 'ਤੇ ਕਾਰਵਾਈ ਕਰਨ ਦਾ ਅਧਿਕਾਰ ਹੋਵੇਗਾ, ਸਿਵਾਏ ਉਦੋਂ ਤੱਕ ਕਿ ਜਦੋਂ ਤੱਕ ਇਸਦਾ ਧੋਖਾਧੜੀ, ਅਣਅਧਿਕਾਰਤ ਜਾਂ ਗਲਤ ਕੰਮ ਲਈ

ਵਰਤੋਂ ਨਾ ਹੋਵੇ, ਰਿਲੇਅ ਦੀਆਂ ਕਾਰਵਾਈਆਂ ਜਾਂ ਇਸਦੇ ਮੌਜੂਦਾ ਅਤੇ ਸਾਬਕਾ ਅਫਸਰਾਂ, ਕਰਮਚਾਰੀਆਂ, ਏਜੰਟਾਂ ਅਤੇ ਪ੍ਰਤੀਨਿਧੀਆਂ ਦੀਆਂ ਕਾਰਵਾਈਆਂ ਜੋ ਕਿਸੇ ਵੀ ਡੇਟਾ ਜਾਂ ਸੁਰੱਖਿਆ ਉਲੰਘਣਾ ਦੇ ਸਬੰਧ ਵਿੱਚ ਸਨ ਜਿਸ ਲਈ ਰਿਲੇਅ ਕਾਨੂੰਨੀ ਤੌਰ 'ਤੇ ਜਵਾਬਦੇਹ ਹੈ।

5. ਅਸਵੀਕਾਰਨਯੋਗ ਵਰਤੋਂ

ਤੁਸੀਂ ਸਾਈਟ ਦੀ ਵਰਤੋਂ ਵਪਾਰਕ ਉਦੇਸ਼ ਤੋਂ ਇਲਾਵਾ ਕਿਸੇ ਹੋਰ ਵਰਤੋਂ ਲਈ ਨਹੀਂ ਕਰੋਗੇ ਜਿਸ ਲਈ ਇਹ ਬਣਾਈ ਗਈ ਹੈ। ਤੁਸੀਂ ਇਸ ਗੱਲ ਨਾਲ ਸਹਿਮਤ ਹੋ ਕਿ ਤੁਸੀਂ ਕੋਈ ਵੀ ਕਾਰਵਾਈ ਨਹੀਂ ਕਰੋਗੇ ਜੋ (a) ਸਾਈਟ ਜਾਂ ਮੋਬਾਈਲ ਐਪਲੀਕੇਸ਼ਨ (ਕੋਈ ਵੀ ਸੇਵਾਵਾਂ ਪ੍ਰਦਾਨ ਕਰਨ ਲਈ ਵਰਤੇ ਜਾਣ ਵਾਲੇ ਕਿਸੇ ਵੀ ਨੈਟਵਰਕ ਅਤੇ ਸਰਵਰ ਸਮੇਤ) 'ਤੇ ਇੱਕ ਗੈਰ-ਵਾਜਬ ਜਾਂ ਅਸਧਾਰਨ ਤੌਰ 'ਤੇ ਲੋਡ ਪਾਉਂਦਾ ਹੋਵੇ; (b) ਕਿਸੇ ਵੀ ਵਾਇਰਸ, ਟਰੋਜਨ ਹਾਰਸ, ਮਾਲਵੇਅਰ, ਵਰਮ ਜਾਂ ਹੋਰ ਕੰਪਿਊਟਰ ਪ੍ਰੋਗਰਾਮਿੰਗ ਰੁਟੀਨ ਨੂੰ ਨੁਕਸਾਨ ਪਹੁੰਚਾਉਣ, ਵਿਘਨ ਪਾਉਣ,ਕ੍ਰਪਟ, ਦੁਰਵਰਤੋਂ, ਹਾਨੀਕਾਰਕ ਦਖਲਅੰਦਾਜ਼ੀ, ਗੁਪਤ ਰੂਪ ਵਿੱਚ ਕਿਸੇ ਵੀ ਸਿਸਟਮ, ਡੇਟਾ ਨੂੰ ਰੋਕਣ ਜਾਂ ਜ਼ਬਤ ਕਰਨ ਲਈ ਤਿਆਰ ਕੀਤਾ ਗਿਆ ਹੈ ਜਾਂ ਅਣਅਧਿਕਾਰਤ ਪਹੁੰਚ ਕਰਕੇ ਜਾਣਕਾਰੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ; (c) ਇੱਕ ਗੁਮਨਾਮ ਪ੍ਰੌਕਸੀ ਦੀ ਵਰਤੋਂ ਕਰਦਾ ਹੈ; (d) ਸਾਈਟ ਦੀ ਨਿਗਰਾਨੀ ਜਾਂ ਨਕਲ ਕਰਨ ਲਈ ਕਿਸੇ ਰੋਬੋਟ,ਸਪਾਈਡਰ, ਹੋਰ ਆਟੋਮੇਟਿਡ ਡਿਵਾਈਸ ਜਾਂ ਮੈਨੂਅਲ ਪ੍ਰਕਿਰਿਆ ਦੀ ਵਰਤੋਂ ਕਰੇ, ਜਾਂ ਰੀਲੇ ਸਿਸਟਮ ਦੇ ਕਿਸੇ ਵੀ ਤੱਤ ਨੂੰ ਬਾਈਪਾਸ ਕਰਨ ਲਈ ਕਿਸੇ ਵੀ ਡਿਵਾਈਸ, ਸੌਫਟਵੇਅਰ ਜਾਂ ਰੁਟੀਨ ਦੀ ਵਰਤੋਂ ਕਰੇ; (e) ਕਿਸੇ ਵੀ ਰਿਲੇਅ ਸਿਸਟਮ (ਕਿਸੇ ਵੀ ਰਿਲੇਅ ਸੇਵਾ ਪ੍ਰਦਾਨ ਕਰਨ ਲਈ ਵਰਤੇ ਜਾਂਦੇ ਕਿਸੇ ਵੀ ਨੈਟਵਰਕ ਅਤੇ ਸਰਵਰ ਸਮੇਤ) ਵਿੱਚ ਦਖਲ ਦੇਣਾ ਜਾਂ ਵਿਘਨ ਪਾਉਣਾ ਜਾਂ ਦਖਲਅੰਦਾਜ਼ੀ ਦੀ ਕੋਸ਼ਿਸ਼ ਕਰਦਾ ਹੈ; (f) ਕੋਈ ਵੀ ਅਜੇਹੀ ਕਾਰਵਾਈ ਕਰੇ ਜਿਸ ਨਾਲ ਰਿਲੇਅ ਨੂੰ ਇਸਦੇ ਇੰਟਰਨੈਟ ਸੇਵਾ ਪ੍ਰਦਾਤਾਵਾਂ, ਭੁਗਤਾਨ ਪ੍ਰੋਸੈਸਰਾਂ, ਜਾਂ ਹੋਰ ਸਪਲਾਇਰਾਂ ਜਾਂ ਸੇਵਾ ਪ੍ਰਦਾਤਾਵਾਂ ਤੋਂ ਕੋਈ ਸੇਵਾ ਗੁਆਉਣ ਦਾ ਕਾਰਨ ਬਣ ਸਕੇ; (g) ਤੁਹਾਡੇ ਰਿਲੇਅ ਖਾਤੇ ਦੇ ਸੰਬੰਧ ਵਿੱਚ ਰਿਲੇਅ ਦੀ ਕਿਸੇ ਵੀ ਨੀਤੀ ਜਾਂ ਫੈਸਲੇ ਨੂੰ ਰੋਕਣਾ, ਜਿਵੇਂ ਕਿ ਅਸਥਾਈ ਜਾਂ ਅਣਮਿੱਥੇ ਸਮੇਂ ਲਈ ਮੁਅੱਤਲ ਜਾਂ ਹੋਰ ਖਾਤਾ ਧਾਰਕ, ਸੀਮਾਵਾਂ ਜਾਂ ਪਾਬੰਦੀਆਂ; (h) ਕਿਸੇ ਵੀ ਗਤੀਵਿਧੀ ਵਿੱਚ ਸ਼ਾਮਲ ਹੋਣਾ ਜੋ ਧੋਖਾਧੜੀ, ਖਤਰਨਾਕ ਜਾਂ ਗੈਰ-ਕਾਨੂੰਨੀ, ਅਣਅਧਿਕਾਰਤ ਹੈ ਜਾਂ ਜਿਸ ਵਿੱਚ ਅਪਮਾਨਜਨਕ ਜਾਂ ਗੈਰ-ਕਾਨੂੰਨੀ ਜਾਣਕਾਰੀ, ਚਿੱਤਰ, ਸਮੱਗਰੀ ਜਾਂ ਵਰਣਨ ਸ਼ਾਮਲ ਹਨ; (i) ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਵਧਾਵਾ ਦਿੰਦਾ ਹੈ ਜਾਂ ਨਿਰਦੇਸ਼ ਦਿੰਦਾ ਹੈ; ਜਾਂ (j) ਸਾਡੇ ਕਰਮਚਾਰੀਆਂ, ਏਜੰਟਾਂ, ਜਾਂ ਹੋਰ ਉਪਭੋਗਤਾਵਾਂ ਨੂੰ ਪਰੇਸ਼ਾਨ ਕਰਦਾ ਅਤੇ/ਜਾਂ ਧਮਕਾਉਂਦਾ ਹੈ।

6. ਜਿੰਮੇਵਾਰੀ 'ਤੇ ਸੀਮਾਵਾਂ; ਕੋਈ ਵਾਰੰਟੀ ਨਹੀਂ

A. ਜਿੰਮੇਵਾਰੀ 'ਤੇ ਸੀਮਾਵਾਂ। ਤੁਸੀਂ ਸਮਝਦੇ ਹੋ ਅਤੇ ਸਹਿਮਤ ਹੁੰਦੇ ਹੋ ਕਿ ਅਸੀਂ ਕਿਸੇ ਵੀ ਪ੍ਰਤੱਖ, ਅਸਿੱਧੇ, ਇਤਫਾਕਨ, ਪਰਿਣਾਮੀ, ਦੰਡਕਾਰੀ, ਜਾਂ ਵਿਸ਼ੇਸ਼ ਨੁਕਸਾਨਾਂ ਲਈ ਜਵਾਬਦੇਹ ਨਹੀਂ ਹੋਵਾਂਗੇ, ਭਾਵੇਂ ਉਹ ਇਕਰਾਰਨਾਮੇ,ਟਾਰਟ, ਸਖਤ ਜਿੰਮੇਵਾਰੀ, ਜਾਂ ਕਿਸੇ ਹੋਰ ਤਰੀਕੇ ਨਾਲ ਪੈਦਾ ਹੋਣ ਜਾਂ ਪਹੁੰਚ ਨਾਲ ਸਬੰਧਤ ਹੋਣ ਦੇ ਆਧਾਰ 'ਤੇ
ਸਾਈਟ ਤੱਕ ਤੁਹਾਡੀ ਪਹੁੰਚ ਜਾਂ ਵਰਤੋਂ, ਬਿਨਾਂ ਕਿਸੇ ਬੰਦਸ਼ ਦੇ ਕਿਸੇ ਵੀ ਸਮਗਰੀ, ਵਸਤੂਆਂ, ਸੇਵਾਵਾਂ ਅਤੇ/ਜਾਂ ਉਤਪਾਦਾਂ ਸਮੇਤ ਜੋ ਅਸੀਂ ਤੁਹਾਨੂੰ ਸਾਈਟ 'ਤੇ ਜਾਂ ਦੁਆਰਾ ਪ੍ਰਦਾਨ ਕੀਤੇ ਹਨ, ਭਾਵੇਂ ਤੁਸੀਂ ਖਰੀਦਿਆ ਹੈ ਜਾਂ ਨਹੀਂ ਜਾਂ ਇਸ ਬਾਰੇ ਚਰਚਾ ਕੀਤੀ ਗਈ ਹੈ, ਭਾਵੇਂ ਸਾਨੂੰ ਕਿਸੇ ਨੁਕਸਾਨ ਦੀ ਸੰਭਾਵਨਾ ਬਾਰੇ ਸਲਾਹ ਦਿੱਤੀ ਗਈ ਹੈ,
ਜਿਸ ਵਿਚ ਸ਼ਾਮਿਲ ਹਨ ਪਰ ਇਨ੍ਹਾਂ ਤੱਕ ਸੀਮਿਤ ਨਹੀਂ ਹਨ: (A) ਸਾਈਟ ਦੀ ਤੁਹਾਡੀ ਜਾਂ ਕਿਸੇ ਹੋਰ ਧਿਰ ਦੁਆਰਾ ਜਾਂ ਸਾਈਟ
'ਤੇ ਜਾਂ ਤੁਹਾਡੇ ਦੁਆਰਾ ਖਰੀਦੇ ਗਏ ਕਿਸੇ ਵੀ ਉਤਪਾਦ ਦੀ ਵਰਤੋਂ ਦੇ ਸੰਬੰਧ ਵਿੱਚ ਕਾਨੂੰਨ ਲਾਗੂ ਕਰਨ ਵਾਲੇ ਅਥਾਰਟੀਆਂ ਦੁਆਰਾ ਕੀਤੀ ਗਈ ਜਾਂਚ ਦੇ ਸਬੰਧ ਵਿੱਚ ਕੀਤੀ ਗਈ
ਕੋਈ ਵੀ ਕਾਰਵਾਈ; (B) ਕਾਪੀਰਾਈਟ ਜਾਂ ਹੋਰ ਬੌਧਿਕ ਸੰਪੱਤੀ ਦੇ ਮਾਲਕਾਂ ਦੇ ਸਬੰਧ ਵਿੱਚ ਕੀਤੀ ਗਈ ਕੋਈ ਵੀ ਕਾਰਵਾਈ; (C) ਕਿਸੇ ਵੀ ਉਪਭੋਗਤਾ ਦੇ ਕੰਪਿਊਟਰ, ਮੋਬਾਈਲ ਡਿਵਾਈਸ, ਜਾਂ ਹੋਰ ਉਪਕਰਨਾਂ ਜਾਂ ਤਕਨਾਲੋਜੀ ਨੂੰ ਕੋਈ ਨੁਕਸਾਨ; (D) ਸਾਈਟ ਦੀ ਵਰਤੋਂ ਦੁਆਰਾ ਪ੍ਰਾਪਤ ਕੀਤੀ ਕਿਸੇ ਵੀ ਸਮੱਗਰੀ ਜਾਂ ਖਾਤੇ ਦੇ ਡੇਟਾ 'ਤੇ ਕਿਸੇ ਵੀ ਧਿਰ ਦੁਆਰਾ ਨਿਰਭਰਤਾ; ਜਾਂ (E) ਭਾਵੇਂ ਪੂਰੀ ਤਰ੍ਹਾਂ ਜਾਂ ਅੰਸ਼ਕ ਤੌਰ 'ਤੇ ਲਾਪਰਵਾਹੀ ਕਾਰਨ, ਰੱਬ ਕਾਰਨਾਂ ਕਰਕੇ, ਮਹਾਂਮਾਰੀ, ਕੋਈ ਵੀ ਗਲੋਬਲ, ਰਾਸ਼ਟਰੀ ਜਾਂ ਸਥਾਨਕ ਜਨਤਕ ਸਿਹਤ
ਐਮਰਜੈਂਸੀ ਜਾਂ ਬਿਮਾਰੀ ਦੇ ਪ੍ਰਕੋਪ (ਬਿਨਾਂ ਬੰਦਿਸ਼, COVID-19 (a/k/a 2019 ਨਾਵਲ ਕੋਰੋਨਾਵਾਇਰਸ) ਸਮੇਤ ਜਾਂ ਕੋਈ ਵੀ ਸਮਾਨ ਬਿਮਾਰੀ),
ਦੂਰਸੰਚਾਰ ਅਸਫਲਤਾ, ਚੋਰੀ ਜਾਂ ਵਿਨਾਸ਼, ਜਾਂ ਸਾਈਟ ਤੱਕ ਅਣਅਧਿਕਾਰਤ ਪਹੁੰਚ, ਜਾਂ ਸੰਬੰਧਿਤ ਜਾਣਕਾਰੀ ਜਾਂ ਪ੍ਰੋਗਰਾਮਾਂ ਦੇ ਸੰਬੰਧ ਵਿੱਚ ਪੈਦਾ ਹੋਣ ਵਾਲੇ, ਜਿਸ ਵਿੱਚ ਸ਼ਾਮਿਲ ਹਨ:
(1) ਤੁਹਾਨੂੰ ਜਾਂ ਤੁਹਾਡੇ ਤੋਂ ਜਾਣਕਾਰੀ ਦੇ ਪ੍ਰਸਾਰਣ ਵਿੱਚ ਗਲਤੀਆਂ ਜਾਂ ਭੁੱਲ ਜਾਂ ਦੇਰੀ; (2) ਸਾਈਟ ਨਾਲ ਦੂਰਸੰਚਾਰ ਕਨੈਕਸ਼ਨਾਂ ਵਿੱਚ ਰੁਕਾਵਟ; ਜਾਂ (3) ਕੰਪਿਊਟਰ ਵਾਇਰਸ।

ਸੇਵਾ ਦੀਆਂ ਸ਼ਰਤਾਂ ਵਿੱਚ ਨਿਰਧਾਰਤ ਸ਼ਰਤਾਂ ਨੂੰ ਸੀਮਤ ਕੀਤੇ ਬਿਨਾਂ, ਸਾਈਟ 'ਤੇ ਜਾਂ ਤੁਹਾਡੇ ਦੁਆਰਾ ਖਰੀਦੇ ਗਏ ਕਿਸੇ ਵੀ ਮਾਲ, ਉਤਪਾਦਾਂ ਅਤੇ/ਜਾਂ ਸੇਵਾਵਾਂ ਲਈ ਸਾਡੀ ਦੇਣਦਾਰੀ ਦੀ ਹੱਦ ਦੇ ਸੰਬੰਧ ਵਿੱਚ, ਇਹਨਾਂ ਸ਼ਰਤਾਂ ਅਤੇ/ਜਾਂ
ਸਾਈਟ ਦੀ ਤੁਹਾਡੀ ਵਰਤੋਂ ਨਾਲ ਸਬੰਧਤ ਤੁਹਾਡੇ ਪ੍ਰਤੀ ਸਾਡੀ ਸਮੁੱਚੀ ਦੇਣਦਾਰੀ ਸਾਈਟ ਦੀ ਕਾਰਵਾਈ ਦੇ ਕਿਸੇ ਵੀ ਕਾਰਨ ਨਾਲ ਅਤੇ ਜਿੰਮੇਵਾਰੀ ਦੇ ਸਾਰੇ ਸਿਧਾਂਤਾਂ ਦੇ ਅਧੀਨ ਇਹ ਉਸ ਰਾਸ਼ੀ ਤੱਕ ਸੀਮਿਤ ਹੋਵੇਗੀ ਜੋ ਤੁਸੀਂ ਸਾਨੂੰ ਸਾਈਟ ਦੇ ਉਪਯੋਗ ਦੇ ਲਈ ਸਿੱਧਾ ਭੁਗਤਾਨ ਕੀਤਾ ਹੈ, ਜੇਕਰ ਕੋਈ ਕੀਤਾ ਹੈ, ਅਤੇ ਜੇਕਰ ਤੁਸੀਂ ਕੋਈ ਵੀ ਭੁਗਤਾਨ ਨਹੀਂ ਕੀਤਾ ਹੈ, ਤਾਂ ਦਸ ਅਮਰੀਕੀ ਡਾਲਰ ($10.00)। ਤੁਸੀਂ ਇਹ ਵੀ ਸਵੀਕਾਰ ਕਰਦੇ ਹੋ ਅਤੇ ਸਹਿਮਤ ਹੁੰਦੇ ਹੋ ਕਿ ਤੁਸੀਂ ਇਹਨਾਂ ਸ਼ਰਤਾਂ ਵਿੱਚ ਸਾਡੀ ਜਿੰਮੇਵਾਰੀ ਦੀ ਸੀਮਾ ਦੀ ਪੂਰੀ ਸਮਝ ਨਾਲ ਸਾਈਟ ਤੱਕ ਪਹੁੰਚ ਕੀਤੀ ਹੈ ਜਾਂ ਇਸਦੀ ਵਰਤੋਂ ਕੀਤੀ ਹੈ।

ਸਾਈਟ ਨੂੰ ਐਕਸੈਸ ਕਰਕੇ, ਤੁਸੀਂ ਸਮਝਦੇ ਹੋ ਕਿ ਤੁਸੀਂ ਉਹਨਾਂ ਦਾਅਵਿਆਂ ਦੇ ਸਬੰਧ ਵਿੱਚ ਅਧਿਕਾਰਾਂ ਨੂੰ ਛੱਡ ਰਹੇ ਹੋ ਜੋ ਇਸ ਸਮੇਂ ਅਣਜਾਣ ਜਾਂ ਸ਼ੱਕੀ ਨਹੀਂ ਹਨ, ਅਤੇ ਇਸ ਛੋਟ ਦੇ ਅਨੁਸਾਰ, ਤੁਸੀਂ ਇਹ ਸਵੀਕਾਰ ਕਰਦੇ ਹੋਕਿ ਤੁਸੀਂ ਇਨ੍ਹਾਂ ਨੂੰ ਪੜ੍ਹ ਅਤੇ ਸਮਝ ਲਿਆ ਹੈ ਅਤੇ ਇਸਦੇ ਰਾਹੀਂ ਸਪਸ਼ਟ ਰੂਪ ਵਿੱਚ ਲਾਭ ਦਾ ਤਿਆਗ ਕਰ ਰਹੇ ਹੋ ਜੋ ਕੈਲੀਫੋਰਨੀਆ ਸਿਵਲ ਕੋਡ ਸੈਕਸ਼ਨ 1542, ਅਤੇ ਕਿਸੇ ਵੀ ਰਾਜ ਜਾਂ ਪ੍ਰਦੇਸ਼ ਦਾ ਕੋਈ ਸਮਾਨ ਕਾਨੂੰਨ, ਜੋ ਹੇਠਾਂ ਦਿੱਤੇ ਅਨੁਸਾਰ ਪ੍ਰਦਾਨ ਕਰਦਾ ਹੈ: "ਇੱਕ ਆਮ ਰੀਲੀਜ਼ ਉਹਨਾਂ ਦਾਅਵਿਆਂ ਤੱਕ ਨਹੀਂ ਵਿਸਤ੍ਰਿਤ ਹੁੰਦੀ ਹੈ ਜਿਹਨਾਂ ਬਾਰੇ ਲੈਣਦਾਰ ਨੂੰ ਪਤਾ ਨਹੀਂ ਹੁੰਦਾ ਜਾਂ ਰਿਹਾਈ ਦੇ ਅਮਲ ਦੇ ਸਮੇਂ ਉਸਦੇ ਹੱਕ ਵਿੱਚ ਮੌਜੂਦ ਹੋਣ ਦਾ ਸ਼ੱਕ ਨਹੀਂ ਹੁੰਦਾ, ਜਿਸ ਬਾਰੇ ਜੇਕਰ ਉਸਨੂੰ ਪਤਾ ਹੁੰਦਾ, ਤਾਂ
ਕਰਜ਼ਦਾਰ ਨਾਲ ਉਸਦਾ ਨਿਪਟਾਰਾ ਕਾਫ਼ੀ ਪ੍ਰਭਾਵਿਤ ਹੁੰਦਾ।"

ਕੁਝ ਨਿਆਂ ਖੇਤਰ ਕੁਝ ਖਾਸ ਕਿਸਮ ਦੇ ਨੁਕਸਾਨਾਂ ਲਈ ਜਿੰਮੇਵਾਰੀ ਦੇ ਬਹਿਸ਼ਕਾਰ ਦੀ ਇਜਾਜ਼ਤ ਨਹੀਂ ਦਿੰਦੇ ਹਨ। ਇਸ ਅਨੁਸਾਰ, ਉਪਰੋਕਤ ਬੰਦਿਸ਼ਾਂ ਵਿੱਚੋਂ ਕੁਝ ਕਾਨੂੰਨ ਦੁਆਰਾ ਮਨਾਹੀ ਦੀ ਹੱਦ ਤੱਕ ਤੁਹਾਡੇ 'ਤੇ ਲਾਗੂ ਨਹੀਂ ਹੋ ਸਕਦੀਆਂ ਹਨ। ਅਜਿਹੇ ਮਾਮਲਿਆਂ ਵਿੱਚ, ਸਾਡੀ ਜਿੰਮੇਵਾਰੀ ਲਾਗੂ ਕਾਨੂੰਨ ਦੁਆਰਾ ਇਜਾਜ਼ਤ ਦਿੱਤੀ ਗਈ ਪੂਰੀ ਹੱਦ ਤੱਕ ਸੀਮਿਤ ਹੋਵੇਗੀ।

B. ਕੋਈ ਵਾਰੰਟੀ ਨਹੀਂ। ਸਾਈਟ ਅਤੇ ਸਾਈਟ ਦੁਆਰਾ ਉਪਲਬਧ ਸਾਰੇ ਪ੍ਰੋਡਕਟ ਤੁਹਾਨੂੰ "ਜਿਵੇਂ ਹੈ," "ਜਿਵੇਂ ਉਪਲਬਧ ਹਨ" ਦੇ ਆਧਾਰ 'ਤੇ ਪ੍ਰਦਾਨ ਕੀਤੇ ਜਾਂਦੇ ਹਨ
ਅਤੇ ਅਸੀਂ ਸਪੱਸ਼ਟ ਤੌਰ 'ਤੇ ਕਿਸੇ ਵੀ ਕਿਸਮ ਦੀਆਂ ਸਾਰੀਆਂ ਵਾਰੰਟੀਆਂ ਦਾ ਖੰਡਨ ਕਰਦੇ ਹਾਂ, ਸਪਸ਼ਟ ਜਾਂ ਅਪ੍ਰਤੱਖ, ਕਿਸੇ ਖਾਸ ਉਦੇਸ਼ ਲਈ ਉਪਯੁਕਤਤਾ ਅਤੇ ਗੈਰ-ਉਲੰਘਣ, ਜਿਸ ਵਿੱਚ ਵਪਾਰਕਤਾ ਦੀ ਨਿਹਿਤ ਵਾਰੰਟੀਆਂ ਸ਼ਾਮਲ ਹਨ, ਪਰ ਇੰਸ ਤੱਕ ਸੀਮਿਤ ਨਹੀਂ ਹਨ। ਅਸੀਂ ਸਾਈਟ ਦੀ ਜਾਂ ਸਾਈਟ ਦੇ ਮਾਧਿਅਮ ਰਾਹੀਂ ਉਪਲਬਧ ਕਿਸੇ ਵੀ ਸੇਵਾਵਾਂ, ਸਮਾਨ, ਪ੍ਰੋਡਕਟ, ਜਾਣਕਾਰੀ, ਰਾਏ ਅਤੇ ਸਮੱਗਰੀ ਦੀ ਸਟੀਕਤਾ, ਸੰਪੂਰਨਤਾ, ਮੁਦਰਾ ਜਾਂ ਭਰੋਸੇਯੋਗਤਾ ਬਾਰੇ ਕੋਈ ਵਾਰੰਟੀ ਨਹੀਂ ਦਿੰਦੇ ਹਾਂ। ਸਾਈਟ ਤੋਂ ਪ੍ਰਾਪਤ ਕਿਸੇ ਵੀ ਜਾਣਕਾਰੀ 'ਤੇ ਭਰੋਸਾ
ਕਰਨ ਤੋਂ ਪਹਿਲਾਂ ਉਸ ਦੀ ਪੁਸ਼ਟੀ ਕਰਨ ਦੇ ਲਈ ਤੁਸੀਂ ਖੁਦ ਜਿੰਮੇਵਾਰ ਹੋ। ਸਾਈਟ ਦੀ ਵਰਤੋਂ ਸਿਰਫ਼ ਤੁਹਾਡੇ ਆਪਣੇ
ਜੋਖਮ 'ਤੇ ਹੈ ਅਸੀਂ ਇਸ ਗੱਲ ਦੀ ਕੋਈ ਵੀ ਪ੍ਰਤੀਨਿਧਤਾ ਜਾਂ ਵਾਰੰਟੀ ਨਹੀਂ ਦਿੰਦੇ ਹਾਂ ਕਿ ਸਾਈਟ ਦੀ ਵਰਤੋਂ ਜਾਂ ਸਾਈਟ ਦੁਆਰਾ ਪ੍ਰਦਾਨ ਕੀਤੀ ਸਮੱਗਰੀ ਨਿਰਵਿਘਨ, ਪੂਰੀ ਤਰ੍ਹਾਂ ਸੁਰੱਖਿਅਤ, ਵਾਇਰਸ-ਮੁਕਤ, ਜਾਂ ਗਲਤੀ-ਮੁਕਤ ਹੋਵੇਗੀ। ਸਾਈਟ ਤੋਂ ਤੁਹਾਡੇ ਦੁਆਰਾ ਪ੍ਰਾਪਤ ਕੀਤੀ ਕੋਈ ਵੀ ਸਲਾਹ ਜਾਂ ਜਾਣਕਾਰੀ, ਭਾਵੇਂ ਉਹ ਲਿਖਤੀ, ਮੌਖਿਕ ਜਾਂ ਮਲਟੀਮੀਡੀਆ ਹੈ, ਕੋਈ ਵੀ ਵਾਧੂ ਵਾਰੰਟੀ ਨਹੀਂ ਦਿੰਦੀ ਜੋ ਇਹਨਾਂ ਸ਼ਰਤਾਂ ਵਿੱਚ ਸਪੱਸ਼ਟ ਤੌਰ 'ਤੇ ਨਹੀਂ ਦੱਸੀ ਗਈ ਹੈ। ਇਹਨਾਂ ਸ਼ਰਤਾਂ ਵਿੱਚ ਸਪਸ਼ਟ ਤੌਰ 'ਤੇ ਪ੍ਰਦਾਨ ਕੀਤੇ ਗਏ ਨੂੰ ਛੱਡ ਕੇ, ਸਾਈਟ ਦੀ ਤੁਹਾਡੀ ਵਰਤੋਂ ਦੇ ਸਬੰਧ ਵਿੱਚ ਤੁਹਾਡਾ ਇੱਕੋ ਇੱਕ ਅਤੇ ਵਿਸ਼ੇਸ਼ ਉਪਾਅ
ਸਾਈਟ ਦੀ ਵਰਤੋਂ ਬੰਦ ਕਰਨਾ ਹੋਵੇਗਾ।

7. <u>ਬੌਧਿਕ ਸੰਪੱਤੀ ਦੀ ਮਲਕੀਅਤ; ਸੀਮਿਤ ਲਾਇਸੰਸ ਅਧਿਕਾਰ</u>

A. ਮਲਕੀਅਤ। ਸਾਈਟ ਵਿੱਚ ਜਾਂ ਇਸ ਨਾਲ ਸਬੰਧਤ ਸਾਰੀ ਸਮੱਗਰੀ ਅਤੇ ਹੋਰ ਸਮੱਗਰੀ ਅਤੇ ਇਸ ਵਿੱਚ ਵਰਣਿਤ ਕੋਈ ਵੀ ਸੇਵਾਵਾਂ, ਬਿਨਾਂ ਕਿਸੇ ਸੀਮਾ ਦੇ, ਸਾਡੇ ਕੰਪਿਊਟਰ ਸੌਫਟਵੇਅਰ, ਟ੍ਰੇਡਮਾਰਕ, ਸਰਵਿਸ ਮਾਰਕ, ਪੇਟੈਂਟ, ਕਾਪੀਰਾਈਟ, ਵਪਾਰਕ ਰਾਜ਼, ਜਾਣਕਾਰੀ, ਡਿਜ਼ਾਈਨ, ਟੈਕਸਟ, ਜਾਣਕਾਰੀ, ਡੇਟਾ ਅਤੇ ਹੋਰ ਫਾਈਲਾਂ ਸ਼ਾਮਿਲ ਕੀਤੀਆਂ ਗਈਆਂ ਹਨ ਅਤੇ ਇਸਦੀ ਚੋਣ ਅਤੇ ਪ੍ਰਬੰਧ, ਅਤੇ ਕੋਈ ਵੀ ਦਸਤਾਵੇਜ਼ ਜਾਂ ਹੋਰ ਸਹਾਇਕ ਸਮੱਗਰੀ ਜੋ ਤੁਹਾਨੂੰ ਰੀਲੇ ਦੁਆਰਾ ਜਾਂ ਉਸ ਦੀ ਤਰਫੋਂ ਪ੍ਰਦਾਨ ਕੀਤੀ ਗਈ ਹੈ (ਸਮੂਹਿਕ ਤੌਰ 'ਤੇ, "ਮਾਲਕੀਅਤ ਜਾਣਕਾਰੀ"), ਰਿਲੇਅ ਦੀ ਇਕਲੌਤੀ ਅਤੇ ਨਿਵੇਕਲੀ ਸੰਪਤੀ ਹੈ ਅਤੇ ਰਹੇਗੀ ਜੋ ਕਿ ਇੱਥੇ ਦਿੱਤੇ ਗਏ ਸੀਮਤ ਲਾਇਸੰਸ ਦੇ ਅਧੀਨ ਹੈ।

B. ਸੀਮਤ ਲਾਇਸੰਸ ਇਹਨਾਂ ਸ਼ਰਤਾਂ ਅਤੇ ਸਾਰੇ ਲਾਗੂ ਅੰਤਰਰਾਸ਼ਟਰੀ, ਸੰਘੀ, ਰਾਜ ਅਤੇ ਸਥਾਨਕ ਕਾਨੂੰਨਾਂ, ਨਿਯਮਾਂ ਅਤੇ ਵਿਨਿਯਮਾਂ ਦੀ ਤੁਹਾਡੀ ਪਾਲਣਾ ਦੇ ਅਧੀਨ, ਅਸੀਂ ਤੁਹਾਨੂੰ ਸਿਰਫ ਖੁਦ ਲਈ ਸਾਈਟ ਦਾ ਉਪਯੋਗ ਕਰਨ ਦੇ ਲਈ ਇੱਕ ਸੀਮਤ, ਰੱਦ ਕਰਨ ਯੋਗ, ਗੈਰ-ਨਿਵੇਕਲੇ, ਗੈਰ-ਉਪ-ਲਾਇਸੈਂਸਯੋਗ, ਗੈਰ-ਤਬਾਦਲਾਯੋਗ ਲਾਇਸੰਸ ਪ੍ਰਦਾਨ ਕਰਦੇ ਹਾਂ। ਆਪਣੀ ਨਿੱਜੀ ਵਰਤੋਂ ਅਤੇ ਰੀਪਬਲਿਕੇਸ਼ਨ, ਵੰਡ, ਅਸਾਈਨਮੈਂਟ, ਉਪ-ਲਾਇਸੈਂਸ, ਵਿਕਰੀ, ਡੈਰੀਵੇਟਿਵ ਕੰਮਾਂ ਦੀ ਤਿਆਰੀ, ਜਾਂ ਹੋਰ ਵਰਤੋਂ

ਲਈ ਲਾਇਸੰਸ ਨਹੀਂ ਪ੍ਰਦਾਨ ਕਰ ਰਹੇ ਹਾਂ। ਰਿਲੇਅ ਅੱਗੇ ਤੁਹਾਨੂੰ ਰਿਲੇਅ ਨਾਮ ਅਤੇ ਲੋਗੋ ਟ੍ਰੇਡਮਾਰਕਸ ਜਾਂ ਲਾਗੂ ਰਿਲੇਅ ਉਤਪਾਦ ਬ੍ਰਾਂਡ ਨਾਮਾਂ ਦੀ ਰਿਲੇਅ ਦੇ ਰੂਪ ਵਿੱਚ ਪਛਾਣ ਕਰਨ ਲਈ ਇਹਨਾਂ ਸ਼ਰਤਾਂ ਦੇ ਅਨੁਸਾਰ ਇੱਕ ਸੀਮਤ ਗੈਰ-ਨਿਵੇਕਲਾ, ਗੈਰ-ਤਬਾਦਲਾਯੋਗ, ਵਿਸ਼ਵਵਿਆਪੀ, ਰਾਇਲਟੀ-ਮੁਕਤ ਟ੍ਰਾਂਜੈਕਸ਼ਨ ਪ੍ਰੋਸੈਸਿੰਗ ਸੇਵਾਵਾਂ ਪ੍ਰਦਾਨ ਕਰਨ ਦਾ ਅਧਿਕਾਰ ਪ੍ਰਦਾਨ ਕਰਦਾ ਹੈ ਜਾਂ ਰਿਲੇਅ ਪ੍ਰੋਡਕਟ ਵਰਤਣ ਦਾ ਦਾ ਅਧਿਕਾਰ ਪ੍ਰਦਾਨ ਕਰਦਾ ਹੈ ਜੋ ਤੁਸੀਂ ਵਰਤ ਰਹੇ ਹੋ। ਰਿਲੇਅ ਦੇ ਨਾਮ ਅਤੇ ਟ੍ਰੇਡਮਾਰਕ ਦੀ ਵਰਤੋਂ ਤੋਂ ਪੈਦਾ ਹੋਣ ਵਾਲੀਆਂ ਸਾਰੀਆਂ ਸਦਭਾਵਨਾ ਰਿਲੇਅ ਦੇ ਲਾਭ ਲਈ ਲਾਗੂ ਹੋਣਗੀਆਂ। ਇਹਨਾਂ ਨਿਯਮਾਂ ਅਤੇ ਸ਼ਰਤਾਂ ਵਿੱਚ ਸਪੱਸ਼ਟ ਤੌਰ 'ਤੇ ਪ੍ਰਦਾਨ ਕੀਤੇ ਜਾਣ ਤੋਂ ਇਲਾਵਾ, ਰੀਲੇ ਇਹਨਾਂ ਨਿਯਮਾਂ ਦੇ ਅਨੁਸਾਰ ਕਿਸੇ ਵੀ ਰੀਲੇ ਟ੍ਰੇਡਮਾਰਕ, ਵਪਾਰਕ ਨਾਮ ਜਾਂ ਸੇਵਾ ਚਿੰਨ੍ਹ ਵਿੱਚ ਕੋਈ ਲਾਇਸੈਂਸ, ਅਧਿਕਾਰ ਜਾਂ ਬੌਧਿਕ ਸੰਪਤੀ ਅਧਿਕਾਰ ਨਹੀਂ ਦਿੰਦਾ ਹੈ।

8. <u>ਕੰਟੈਂਟ</u>

ਜੇਕਰ ਸਾਈਟ ਵਿੱਚ ਤੁਹਾਡੇ ਲਈ ਕੋਈ ਸਮੀਖਿਆ, ਟਿੱਪਣੀ, ਫੋਟੋ, ਕਥਨ, ਵਿਚਾਰ, ਸਵਾਲ ਜਾਂ ਹੋਰ ਸਮੱਗਰੀ, ਜਾਂ ਸਾਈਟ 'ਤੇ ਜਾਂ ਕਿਸੇ ਵੀ ਪੂਰਵ-ਅਨੁਮਾਨ ਨਾਲ ਸੰਬੰਧਿਤ ਕੋਈ ਨਾਮ ਜਾਂ ਉਪਭੋਗਤਾ ਨਾਮ ਨੂੰ ਪੋਸਟ ਕਰਨ ਜਾਂ ਜਮ੍ਹਾ ਕਰਨ ਲਈ ਸਾਈਟ 'ਤੇ , ਇੱਕ ਪੰਨਾ ਜਾਂ ਖੇਤਰ (ਸਮੂਹਿਕ ਤੌਰ 'ਤੇ "ਕੰਟੈਂਟ")ਸ਼ਾਮਲ ਹੈ, ਤਾਂ ਤੁਸੀਂ ਸਵੀਕਾਰ ਕਰਦੇ ਹੋ ਅਤੇ ਸਹਿਮਤ ਹੁੰਦੇ ਹੋ ਕਿ ਅਜਿਹੀ ਸਾਰੀ ਸਮਗਰੀ ਇਹਨਾਂ ਨਿਯਮਾਂ ਦੀ ਪਾਲਣਾ ਕਰੇਗੀ ਅਤੇ ਇਹ ਕਿ ਤੁਸੀਂ ਕਿਸੇ ਵੀ ਫਰਜ਼ੀ ਈ-ਮੇਲ ਪਤੇ ਦੀ ਵਰਤੋਂ ਨਹੀਂ ਕਰ ਸਕਦੇ ਹੋ ਜਾਂ ਕਿਸੇ ਹੋਰ ਵਿਅਕਤੀ ਜਾਂ ਇਕਾਈ ਦੀ ਨਕਲ ਨਹੀਂ ਕਰ ਸਕਦੇ ਹੋ ਜਾਂ ਸਮੱਗਰੀ ਦੇ ਮੂਲ ਦੀ ਨਕਲ ਨਹੀਂ ਕਰ ਸਕਦੇ ਹੋ ਜਾਂ ਗੁੰਮਰਾਹ ਨਹੀਂ ਕਰ ਸਕਦਾ ਹੋ। ਜਦੋਂ ਤੱਕ ਅਸੀਂ ਹੋਰ ਸੰਕੇਤ ਨਹੀਂ ਦਿੰਦੇ, ਤੁਸੀਂ ਸਾਨੂੰ ਆਪਣੇ ਕੰਟੈਂਟ ਦਾ ਇੱਕ ਅਟੱਲ, ਸਥਾਈ, ਪੂਰੀ ਅਦਾਇਗੀ ਕੀਤੀ, ਰਾਇਲਟੀ ਮੁਕਤ, ਐਂਟਰਪ੍ਰਾਈਜ਼-ਵਿਆਪਕ, ਵਿਸ਼ਵਵਿਆਪੀ ਨਕਲ, ਸੋਧਣ, ਵੇਚਣ, ਡੈਰੀਵੇਟਿਵ ਕੰਮ ਬਣਾਉਣ ਜਾਂ ਕਿਸੇ ਵੀ ਮੀਡੀਆ ਵਿੱਚ ਸਮੱਗਰੀ ਦਾ ਵਪਾਰਕ ਉਦੇਸ਼ਾਂ ਲਈ ਵਰਤੋਂ ਕਰਨ ਦਾ ਲਾਇਸੰਸ ਪ੍ਰਦਾਨ ਕਰਦੇ ਹੋ। ਤੁਸੀਂ ਨੁਮਾਇੰਦਗੀ ਕਰਦੇ ਹੋ ਅਤੇ ਵਾਰੰਟ ਦਿੰਦੇ ਹੋ ਕਿ ਤੁਹਾਡੇ ਦੁਆਰਾ ਜਮ੍ਹਾਂ ਜਾਂ ਪੋਸਟ ਕੀਤੀ ਗਈ ਸਾਰੀ ਸਮਗਰੀ ਯੂਨਾਈਟਿਡ ਸਟੇਟਸ ਫੈਡਰਲ ਟ੍ਰੇਡ ਕਮਿਸ਼ਨ ਦੇ ਕਿਸੇ ਵੀ ਲਾਗੂ ਦਿਸ਼ਾ-ਨਿਰਦੇਸ਼ਾਂ ਜਾਂ ਨਿਯਮਾਂ ਦੀ ਪਾਲਣਾ ਕਰਦੀ ਹੈ, ਜਿਸ ਵਿੱਚ ਸਹੀ ਵਿਗਿਆਪਨ ਅਤੇ ਖੁਲਾਸੇ ਦੀਆਂ ਜ਼ਰੂਰਤਾਂ ਦੇ ਸੰਬੰਧ ਵਿੱਚ FTC 16 CFR ਭਾਗ 255 ਸ਼ਾਮਲ ਹੈ, ਪਰ ਇਹ ਇਨ੍ਹਾਂ ਤੱਕ ਸੀਮਿਤ ਨਹੀਂ ਹੈ। ਤੁਸੀਂ ਇਸ ਗੱਲ ਦੀ ਨੁਮਾਇੰਦਗੀ ਕਰਦੇ ਹੋ ਅਤੇ ਵਾਰੰਟ ਦਿੰਦੇ ਹੋ ਕਿ ਤੁਹਾਡੇ ਦੁਆਰਾ ਸਾਈਟ ਜਾਂ ਸਾਡੇ ਕੋਲ ਜਮ੍ਹਾਂ ਕੀਤੀ ਸਾਰੀ ਸਮਗਰੀ ਸਟੀਕ, ਸਹੀ ਅਤੇ ਗੈਰ-ਭ੍ਰਾਮਕ ਹੈ ਅਤੇ ਇਹ ਕਿ ਸਾਰੀ ਸਮੱਗਰੀ ਦਾਅਵਿਆਂ ਦਾ ਸਮਰਥਨ ਕਰਨ ਲਈ ਸਬੂਤ ਦੇ ਨਾਲ ਹੈ।

9. <u>ਸੁਝਾਅ</u>

ਅਸੀਂ ਸਾਈਟ ਵਿੱਚ ਸੁਧਾਰਾਂ ਲਈ ਫੀਡਬੈਕ, ਟਿੱਪਣੀਆਂ ਅਤੇ ਸੁਝਾਵਾਂ ("ਸੁਝਾਅ") ਦਾ ਸੁਆਗਤ ਕਰਦੇ ਹਾਂ। ਤੁਸੀਂ ਸਾਨੂੰ help@relay payment.com 'ਤੇ ਈਮੇਲ ਕਰਕੇ ਜਾਂ ਸਾਈਟ 'ਤੇ ਸਾਡੇ "ਸੰਪਰਕ" ਪੰਨੇ ਰਾਹੀਂ ਇੱਕ ਸੁਨੇਹਾ ਭੇਜ ਕੇ ਸੁਝਾਅ ਦਰਜ ਕਰ ਸਕਦੇ ਹੋ, ਜੋ ਕਿ ਇੱਥੇ ਉਪਲਬਧ ਹੈ: http://www.relaypayment.com/contact। ਤੁਸੀਂ ਸਾਨੂੰ ਇੱਕ ਗੈਰ-ਨਿਵੇਕਲਾ, ਤਬਾਦਲਾਯੋਗ, ਵਿਸ਼ਵਵਿਆਪੀ, ਸਦੀਵੀ, ਅਟੱਲ, ਪੂਰੀ ਤਰ੍ਹਾਂ ਭੁਗਤਾਨ-ਅਪ, ਰਾਇਲਟੀ-ਮੁਕਤ ਲਾਇਸੈਂਸ, ਉਪ-ਲਾਇਸੈਂਸ ਦੇ ਅਧਿਕਾਰ ਦੇ ਨਾਲ, ਕਿਸੇ ਵੀ ਅਤੇ ਸਾਰੇ ਬੌਧਿਕ ਸੰਪੱਤੀ ਅਧਿਕਾਰਾਂ ਦੇ ਤਹਿਤ ਪ੍ਰਦਾਨ ਕਰਦੇ ਹੋ ਜੋ ਤੁਹਾਡੇ ਕੋਲ ਹੈ ਜਾਂ ਵਰਤਣ, ਕਾਪੀ ਕਰਨ, ਸੋਧਣ ਇਸ 'ਤੇ ਆਧਾਰਿਤ ਡੈਰੀਵੇਟਿਵ ਕੰਮ ਲਈ ਨਿਯੰਤਰਿਤ ਹੈ, ਨਹੀਂ ਤਾਂ ਫੀਡਬੈਕ ਨੂੰ ਬਿਨਾਂ ਕਿਸੇ ਵਿਚਾਰ, ਕ੍ਰੈਡਿਟ ਜਾਂ ਕਿਸੇ ਹੋਰ ਮਿਹਨਤਾਨੇ ਦੇ ਭੁਗਤਾਨ ਦੇ ਕਿਸੇ ਵੀ ਉਦੇਸ਼ ਲਈ ਵਰਤਿਆ ਜਾਵੇਗਾ।

10. <u>ਉਪਚਾਰ; ਜਾਣਕਾਰੀ ਦਾ ਖੁਲਾਸਾ</u>

ਅਸੀਂ ਸਾਈਟ ਵਿੱਚ ਨਿਰਧਾਰਤ ਨਿਯਮਾਂ ਅਤੇ ਵਿਨਿਯਮਾਂ ਦੀ ਉਲੰਘਣਾ ਲਈ ਕਾਨੂੰਨ ਅਤੇ ਸਮਾਨਤਾ 'ਤੇ ਉਪਲਬਧ ਸਾਰੇ ਉਪਚਾਰਾਂ ਦੀ ਮੰਗ ਕਰਨ ਦਾ ਅਧਿਕਾਰ ਰਾਖਵਾਂ ਰੱਖਦੇ ਹਾਂ, ਬਿਨਾਂ ਕਿਸੇ ਸੀਮਾ ਦੇ ਇਹਨਾਂ ਸ਼ਰਤਾਂ ਨੂੰ ਸ਼ਾਮਿਲ ਕੀਤਾ ਗਿਆ ਹੈ, ਜਿਸ ਵਿੱਚ ਕਿਸੇ ਖਾਸ ਇੰਟਰਨੈਟ ਸਾਈਟ ਦੇ ਪਤੇ ਦੀ ਪਹੁੰਚ ਅਤੇ ਸਥਾਈ ਤੌਰ 'ਤੇ ਵਰਤੋਂ ਨੂੰ ਮੁਅੱਤਲ ਕਰਨ ਦਾ ਅਧਿਕਾਰ ਸ਼ਾਮਿਲ ਹੈ। ਅਸੀਂ ਕਿਸੇ ਵੀ ਸ਼ੱਕੀ ਜਾਂ ਕਥਿਤ ਅਪਰਾਧ ਜਾਂ ਸਿਵਲ ਗਲਤ ਕੰਮਾਂ ਦੀ ਜਾਂਚ ਵਿੱਚ ਕਾਨੂੰਨੀ ਅਥਾਰਟੀਆਂ ਅਤੇ/ਜਾਂ ਤੀਜੀ ਧਿਰਾਂ ਨਾਲ ਸਹਿਯੋਗ ਕਰ ਸਕਦੇ ਹਾਂ। ਗੋਪਨੀਯਤਾ ਨੀਤੀ ਦੁਆਰਾ ਸਪਸ਼ਟ ਤੌਰ 'ਤੇ ਸੀਮਤ ਹੋਣ ਨੂੰ ਛੱਡ ਕੇ, ਅਸੀਂ ਹਰ ਸਮੇਂ ਇਹ ਅਧਿਕਾਰ ਰਾਖਵਾਂ ਰੱਖਦੇ ਹਾਂ: (a) ਕਿਸੇ ਵੀ ਜਾਣਕਾਰੀ ਦਾ ਖੁਲਾਸਾ ਕਰ ਸਕਦੇ ਹਾਂ ਜਿਸਨੂੰ ਕਿ ਅਸੀਂ ਕਿਸੇ ਲਾਗੂ ਕਾਨੂੰਨ, ਨਿਯਮ, ਕਾਨੂੰਨੀ ਪ੍ਰਕਿਰਿਆ ਜਾਂ ਸਰਕਾਰੀ ਬੇਨਤੀ ਨੂੰ ਪੂਰਾ ਕਰਨ ਲਈ ਜ਼ਰੂਰੀ ਸਮਝਦੇ ਹਾਂ; ਜਾਂ (b) ਆਪਣੇ ਵਿਵੇਕ ਦੇ ਅਧਾਰ 'ਤੇ ਜਿਵੇਂ ਵੀ ਲਾਗੂ ਹੋਵੇ, ਕਿਸੇ ਵੀ ਜਾਣਕਾਰੀ ਜਾਂ ਸਮੱਗਰੀ ਨੂੰ ਪੂਰੀ ਜਾਂ ਅੰਸ਼ਕ ਤੌਰ ਆਪਣੀ ਮਰਜ਼ੀ ਨਾਲ ਸੰਪਾਦਿਤ ਕਰ ਸਕਦੇ ਹਾਂ,'ਤੇ ਪੋਸਟ ਕਰ ਸਕਦੇ ਹਾਂ ਜਾਂ ਹਟਾਉਣ ਤੋਂ ਇਨਕਾਰ ਕਰ ਸਕਦੇ ਹਾਂ।

11. <u>ਮੁਆਵਜ਼ਾ</u>

ਸਾਈਟ ਦੀ ਕਿਸੇ ਵੀ ਵਰਤੋਂ ਨਾਲ ਸਬੰਧਤ ਤੁਹਾਡੇ ਅਤੇ ਤੀਜੀ ਧਿਰ ਵਿਚਕਾਰ ਸਾਰੇ ਵਿਵਾਦਾਂ ਦਾ ਨਿਪਟਾਰਾ ਤੁਹਾਡੇ ਅਤੇ ਤੀਜੀ ਧਿਰ ਦੇ ਵਿਚਕਾਰ ਕੀਤਾ ਜਾਵੇਗਾ, ਜਦੋਂ ਤੱਕ ਕਿ ਵਿਵਾਦ ਰਿਲੇ ਦੀ ਘੋਰ ਲਾਪਰਵਾਹੀ, ਅਣਗਹਿਲੀ ਜਾਂ ਇਹਨਾਂ ਨਿਯਮਾਂ ਦੀ ਉਲੰਘਣਾ ਕਾਰਨ ਨਹੀਂ ਹੁੰਦਾ। ਤੁਸੀਂ ਇਸ ਦੁਆਰਾ ਸਵੀਕਾਰ ਕਰਦੇ ਹੋ ਅਤੇ ਸਹਿਮਤ ਹੁੰਦੇ ਹੋ ਕਿ ਰਿਲੇ ਦੂਸਰਿਆਂ ਦੇ ਕੰਮਾਂ ਜਾਂ ਭੁੱਲਾਂ ਜਾਂ ਕਥਿਤ ਕੰਮਾਂ ਲਈ ਕੋਈ ਜ਼ਿੰਮੇਵਾਰੀ ਨਹੀਂ ਲੈਂਦਾ। ਇਸ ਅਨੁਸਾਰ, ਤੁਸੀਂ ਰਿਲੇਅ ਅਤੇ ਇਸਦੇ ਸਬੰਧਤ ਕਰਮਚਾਰੀਆਂ, ਨਿਰਦੇਸ਼ਕਾਂ, ਏਜੰਟਾਂ, ਸਹਿਯੋਗੀਆਂ ਅਤੇ ਪ੍ਰਤੀਨਿਧਾਂ ਤੋਂ ਅਤੇ ਕਿਸੇ ਵੀ ਅਤੇ ਸਾਰੇ ਦਾਅਵਿਆਂ, ਲਾਗਤਾਂ, ਨੁਕਸਾਨ, ਹਾਨੀਆਂ, ਫੈਸਲੇ, ਮੁਲਾਂਕਣਾਂ, ਜੁਰਮਾਨੇ, ਵਿਆਜ ਅਤੇ ਖਰਚਿਆਂ ਦੇ ਵਿਰੁੱਧ ਮੁਆਵਜ਼ਾ ਦੇਣ, ਬਚਾਅ ਕਰਨ ਅਤੇ ਹਾਨੀਰਹਿਤ ਰਹਿਣ ਲਈ ਸਹਿਮਤ ਹੁੰਦੇ ਹੋ (ਬਿਨਾਂ ਸੀਮਾ ਦੇ ਵਾਜਬ ਵਕੀਲਾਂ ਦੀਆਂ ਫੀਸਾਂ ਸਮੇਤ) ਅਤੇ ਕਿਸੇ ਵੀ ਦਾਅਵੇ, ਕਾਰਵਾਈ, ਆਡਿਟ, ਜਾਂਚ,ਪੁੱਛ-ਗਿੱਛ, ਜਾਂ ਕਿਸੇ ਤੀਜੀ ਧਿਰ ਦੁਆਰਾ ਸ਼ੁਰੂ ਕੀਤੀ ਗਈ ਹੋਰ ਕਾਰਵਾਈ ਤੋਂ ਪੈਦਾ ਹੋਣ ਵਾਲੇ ਜਾਂ ਜਿਸ ਨਾਲ ਸਬੰਧਤ ਹੈ (a) ਸਾਈਟ ਦੀ ਤੁਹਾਡੀ ਵਰਤੋਂ, ਜਦੋਂ ਤੱਕ ਕਿ ਅਜਿਹਾ ਦਾਅਵਾ, ਕਾਰਵਾਈ, ਆਡਿਟ, ਜਾਂਚ, ਪੁੱਛ-ਗਿੱਛ, ਜਾਂ ਹੋਰ ਕਾਰਵਾਈ ਰਿਲੇਅ ਦੀ ਘੋਰ ਲਾਪਰਵਾਹੀ, ਅਣਗਹਿਲੀ, ਜਾਂ ਜਾਣਬੁੱਝ ਕੇ ਗਲਤ ਕੰਮ ਜਾਂ ਭੁੱਲ ਦੇ ਕਾਰਨ ਹੈ; (b) ਇਹਨਾਂ ਨਿਯਮਾਂ ਦੀ ਤੁਹਾਡੀ ਉਲੰਘਣਾ; (c) ਤੁਹਾਡੇ ਦੁਆਰਾ ਪ੍ਰਦਾਨ ਕੀਤਾ ਕੋਈ ਵੀ ਰਜਿਸਟ੍ਰੇਸ਼ਨ ਡੇਟਾ, ਸਮੱਗਰੀ ਅਤੇ/ਜਾਂ ਫੀਡਬੈਕ; (d) ਤੁਹਾਡੀ ਲਾਪਰਵਾਹੀ, ਧੋਖਾਧੜੀ, ਜਾਂ ਜਾਣਬੁੱਝ ਕੇ ਦੁਰਵਿਹਾਰ; ਅਤੇ (ਈ) ਤੁਹਾਡੀ ਕਿਸੇ ਵੀ ਕਨੂੰਨ ਜਾਂ ਨਿਯਮ ਜਾਂ ਕਿਸੇ ਹੋਰ ਦੇ ਅਧਿਕਾਰ ਦੀ ਉਲੰਘਣਾ। ਅਸੀਂ ਤੁਹਾਡੇ ਖਰਚੇ 'ਤੇ, ਕਿਸੇ ਵੀ ਮਾਮਲੇ ਦੀ ਵਿਸ਼ੇਸ਼ ਰੱਖਿਆ ਅਤੇ ਨਿਯੰਤਰਣ ਪ੍ਰਾਪਤ ਕਰਨ ਦਾ ਅਧਿਕਾਰ ਰਾਖਵਾਂ ਰੱਖਦੇ ਹਾਂ, ਜਿਸ ਦੇ ਵਿਰੁੱਧ ਤੁਹਾਨੂੰ ਮੁਆਵਜ਼ਾ ਦੇਣ ਦੀ ਲੋੜ ਹੋਏਗੀ, ਅਤੇ ਤੁਸੀਂ ਅਜਿਹੇ ਮਾਮਲੇ ਦੇ ਸਾਡੇ ਬਚਾਅ ਵਿੱਚ ਸਹਿਯੋਗ ਕਰਨ ਲਈ ਸਹਿਮਤ ਹੋ। ਇਹ ਮੁਆਵਜ਼ਾ ਇਹਨਾਂ ਸ਼ਰਤਾਂ ਦੀ ਕਿਸੇ ਵੀ ਸਮਾਪਤੀ ਤੋਂ ਬਚੇਗਾ।

12. <u>ਤੀਜੇ-ਪੱਖ ਦੀਆਂ ਸਾਈਟਾਂ</u>

ਸਾਈਟ 'ਤੇ ਕੁਝ ਲਿੰਕ ਤੁਹਾਨੂੰ ਸਾਈਟ ਤੋਂ ਦੂਰ ਲੈ ਜਾ ਸਕਦੇ ਹਨ ਜਾਂ ਤੁਹਾਨੂੰ ਤੀਜੀਆਂ ਧਿਰਾਂ ਦੁਆਰਾ ਸੰਚਾਲਿਤ ਵੈੱਬਸਾਈਟਾਂ ਸਮੇਤ ਹੋਰ ਵੈੱਬਸਾਈਟਾਂ 'ਤੇ ਭੇਜ ਸਕਦੇ ਹਨ। ਲਿੰਕ ਕੀਤੀਆਂ ਤੀਜੀ ਧਿਰ ਦੀਆਂ ਵੈੱਬਸਾਈਟਾਂ ਸਾਡੇ ਨਿਯੰਤਰਣ ਅਧੀਨ ਨਹੀਂ ਹਨ, ਅਤੇ ਲਿੰਕ ਕੀਤੀਆਂ ਤੀਜੀ ਧਿਰ ਦੀਆਂ ਵੈੱਬਸਾਈਟਾਂ 'ਤੇ ਉਪਲਬਧ ਸਮੱਗਰੀ ਜ਼ਰੂਰੀ ਤੌਰ 'ਤੇ ਸਾਡੀ ਰਾਏ ਜਾਂ ਲਿੰਕ ਕੀਤੀ ਤੀਜੀ ਧਿਰ ਦੀ ਵੈੱਬਸਾਈਟ ਲਈ ਸਾਡੀ ਸਿਫ਼ਾਰਸ਼ ਜਾਂ ਉਸ ਵਿੱਚ ਪ੍ਰਗਟਾਏ ਗਏ ਵਿਚਾਰਾਂ ਦੇ ਸਮਰਥਨ ਦਾ ਸੰਕੇਤ ਨਹੀਂ ਦਿੰਦੀ ਹੈ। ਅਸੀਂ ਕਿਸੇ ਹੋਰ ਵੈਬਸਾਈਟ ਦੇ ਗੋਪਨੀਯਤਾ ਨੀਤੀਆਂ ਦੇ ਜ਼ਿੰਮੇਵਾਰ ਨਹੀਂ ਹਾਂ। ਕਿਰਪਾ ਕਰਕੇ ਧਿਆਨ ਰੱਖੋ ਕਿ ਉਹ ਵੈੱਬਸਾਈਟਾਂ ਤੁਹਾਡੇ ਤੋਂ ਜਾਂ ਤੁਹਾਡੇ ਬਾਰੇ ਨਿੱਜੀ ਤੌਰ 'ਤੇ ਪਛਾਣਨ ਯੋਗ ਜਾਣਕਾਰੀ ਦੇ ਨਾਲ-ਨਾਲ ਤੁਹਾਡੀ ਵਿਜ਼ਿਟ ਬਾਰੇ ਗੈਰ-PII
("**PII**") ਜਾਣਕਾਰੀ ਇਕੱਠੀ ਕਰ ਸਕਦੀਆਂ ਹਨ। ਕਿਸੇ ਵੀ ਲਿੰਕ ਕੀਤੀ ਵੈੱਬਸਾਈਟ ਦੀ ਵਰਤੋਂ ਕਰਨ ਤੋਂ ਪਹਿਲਾਂ, ਤੁਹਾਨੂੰ ਕਿਸੇ ਵੀ ਵੈੱਬਸਾਈਟ 'ਤੇ ਪੋਸਟ ਕੀਤੀਆਂ ਵਰਤੋਂ ਦੀਆਂ ਸ਼ਰਤਾਂ ਅਤੇ ਗੋਪਨੀਯਤਾ ਨੀਤੀਆਂ ਦੀ ਸਮੀਖਿਆ ਕਰਨੀ ਚਾਹੀਦੀ ਹੈ।

ਅਸੀਂ ਤੁਹਾਡੀ ਸਹੂਲਤ ਲਈ ਇਹ ਦੂਜੀਆਂ ਇੰਟਰਨੈਟ ਸਾਈਟਾਂ ਦੇ ਲਿੰਕ ਪ੍ਰਦਾਨ ਕਰ ਰਹੇ ਹਾਂ, ਅਤੇ ਸਾਈਟ ਨਾਲ ਜੁੜੀ ਕਿਸੇ ਵੀ ਹੋਰ ਇੰਟਰਨੈਟ ਸਾਈਟਾਂ ਤੱਕ ਤੁਹਾਡੀ ਪਹੁੰਚ ਤੁਹਾਡੇ ਆਪਣੇ ਜੋਖਮ 'ਤੇ ਹੈ। ਸਾਈਟ 'ਤੇ ਕਿਸੇ ਵੀ ਲਿੰਕ ਨੂੰ ਬਣਾਈ ਰੱਖਣ ਲਈ ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੈ ਅਤੇ ਅਸੀਂ ਕਿਸੇ ਵੀ ਕਾਰਨ ਕਰਕੇ ਆਪਣੀ ਪੂਰੀ ਮਰਜ਼ੀ ਨਾਲ ਕਿਸੇ ਵੀ ਸਮੇਂ ਲਿੰਕ ਨੂੰ ਹਟਾ ਸਕਦੇ ਹਾਂ। ਅਸੀਂ ਸਿੱਧੇ ਜਾਂ ਅਸਿੱਧੇ ਤੌਰ 'ਤੇ, ਅਜਿਹੀ ਕਿਸੇ ਵੀ ਵੈੱਬਸਾਈਟ 'ਤੇ ਜਾਂ ਇਸ ਰਾਹੀਂ ਉਪਲਬਧ ਸਮੱਗਰੀ, ਉਤਪਾਦਾਂ, ਸੇਵਾਵਾਂ ਜਾਂ ਹੋਰ ਸਮੱਗਰੀ ਦੀ ਵਰਤੋਂ ਜਾਂ ਇਸ 'ਤੇ ਨਿਰਭਰਤਾ ਦੇ ਕਾਰਨ ਜਾਂ ਇਸ ਦੇ ਸਬੰਧ ਵਿੱਚ ਹੋਣ ਦਾ ਦੋਸ਼ ਹੈ ਜਾਂ ਕਿਸੇ ਵੀ ਕਾਰਵਾਈ ਲਈ ਜੋ ਤੁਸੀਂ ਕਿਸੇ ਵੀ ਅਜਿਹੀ ਵੈਬਸਾਈਟ ਨਾਲ ਲਿੰਕ ਕਰਨ ਦੇ ਨਤੀਜੇ ਵਜੋਂ ਲੈਂਦੇ ਹੋ ਉਸ ਦੇ ਨਤੀਜੇ ਵੱਜੋਂ ਕਿਸੇ ਵੀ ਨੁਕਸਾਨ ਜਾਂ ਹਾਨੀ ਲਈ ਜ਼ਿੰਮੇਵਾਰ ਜਾਂ ਜਵਾਬਦੇਹ ਨਹੀਂ ਹੋਵਾਂਗੇ।

13. <u>ਕੋਈ ਵੀ ਇਤਬਾਰੀ ਸੰਬੰਧ ਨਹੀਂ</u>

ਸਾਡੇ ਅਤੇ ਤੁਹਾਡੇ ਵਿੱਚ ਕੋਈ ਵੀ ਇਤਬਾਰੀ ਸੰਬੰਧ ਨਹੀਂ ਹੈ। ਇਹ ਸ਼ਰਤਾਂ ਤੁਹਾਡੇ ਅਤੇ ਸਾਡੇ ਵਿਚਕਾਰ ਕੋਈ ਪ੍ਰਮੁੱਖ-ਏਜੰਟ, ਭਾਈਵਾਲੀ, ਸੰਯੁਕਤ ਉੱਦਮ ਜਾਂ ਰੁਜ਼ਗਾਰਦਾਤਾ-ਕਰਮਚਾਰੀ ਸਬੰਧ ਨਹੀਂ ਬਣਾਉਂਦੀਆਂ। ਤੁਸੀਂ ਸਾਡੀ ਤਰਫੋਂ ਕੋਈ ਇਕਰਾਰਨਾਮਾ ਨਹੀਂ ਕਰ ਸਕਦੇ ਜਾਂ ਸਾਨੂੰ ਕਿਸੇ ਵੀ ਤਰੀਕੇ ਨਾਲ ਬੰਨ੍ਹ ਨਹੀਂ ਸਕਦੇ।

14. <u>ਨਿਗਰਾਨੀ ਦੇ ਅਧਿਕਾਰ</u>

ਸਾਡੇ ਕੋਲ ਸਾਈਟ ਦੀ ਵਰਤੋਂ ਦੀ ਸਰਗਰਮੀ ਨਾਲ ਨਿਗਰਾਨੀ ਕਰਨ ਅਤੇ ਗੋਪਨੀਯਤਾ ਨੀਤੀ ਦੇ ਅਧੀਨ ਕਿਸੇ ਵੀ ਇਜਾਜ਼ਤ ਵਾਲੇ ਉਦੇਸ਼ ਲਈ ਅਜਿਹੀ ਨਿਗਰਾਨੀ ਦੌਰਾਨ ਇਕੱਠੀ ਕੀਤੀ ਗਈ ਜਾਣਕਾਰੀ ਦੀ ਵਰਤੋਂ ਕਰਨ ਦਾ ਅਧਿਕਾਰ ਹੈ, ਪਰ ਜ਼ਿੰਮੇਵਾਰੀ ਨਹੀਂ। ਇਸ ਤੋਂ ਇਲਾਵਾ, ਅਸੀਂ ਕਿਸੇ ਵੀ ਸਮੇਂ, ਜਿਵੇਂ ਕਿ ਅਸੀਂ ਉਚਿਤ ਸਮਝਦੇ ਹਾਂ, ਸਾਈਟ ਤੋਂ ਕਿਸੇ ਵੀ ਸਮੱਗਰੀ ਨੂੰ ਹਟਾ ਸਕਦੇ ਹਾਂ ਜੋ, ਸਾਡੇ ਵਿਵੇਕ ਅਨੁਸਾਰ, ਗੈਰ-ਕਾਨੂੰਨੀ ਹੋ ਸਕਦੀ ਹੈ, ਸਾਡੀ ਜਿੰਮੇਵਾਰੀ ਦੇ ਅਧੀਨ ਹੋ ਸਕਦੀ ਹੈ, ਇਹਨਾਂ ਨਿਯਮਾਂ ਦੀ ਉਲੰਘਣਾ ਕਰ ਸਕਦੀ ਹੈ, ਨੁਕਸਾਨ ਪਹੁੰਚਾ ਸਕਦੀ ਹੈ ਜਾਂ ਸਾਈਟ ਲਈ ਸਾਡੇ ਉਦੇਸ਼ ਨਾਲ ਅਸੰਗਤ ਹੈ, ਸਾਡੇ ਅਧਿਕਾਰ ਵਿੱਚ ਹੈ।

15. ਤੀਜੀ ਧਿਰ ਦੀ ਸਮੱਗਰੀ 'ਤੇ ਕੋਈ ਸੰਪਾਦਕੀ ਨਿਯੰਤਰਣ ਨਹੀਂ; ਸਟੀਕਤਾ ਬਾਰੇ ਕੋਈ ਬਿਆਨ ਨਹੀਂ

ਇਸ ਹੱਦ ਤੱਕ ਕਿ ਸਾਈਟ ਵਿੱਚ ਸ਼ਾਮਲ ਕੋਈ ਵੀ ਸਮੱਗਰੀ ਤੀਜੀ ਧਿਰ ਸਮੱਗਰੀ ਪ੍ਰਦਾਤਾਵਾਂ ਜਾਂ ਹੋਰ ਸਾਈਟ ਉਪਭੋਗਤਾਵਾਂ ਦੁਆਰਾ ਪ੍ਰਦਾਨ ਕੀਤੀ ਜਾਂਦੀ ਹੈ, ਸਾਡੇ ਕੋਲ ਅਜਿਹੀ ਸਮੱਗਰੀ ਲਈ ਕੋਈ ਸੰਪਾਦਕੀ ਨਿਯੰਤਰਣ ਜਾਂ ਜ਼ਿੰਮੇਵਾਰੀ ਨਹੀਂ ਹੈ। ਇਸ ਲਈ, ਸਾਈਟ 'ਤੇ ਤੀਜੀ ਧਿਰ ਦੇ ਸਪਲਾਇਰਾਂ ਜਾਂ ਉਪਭੋਗਤਾਵਾਂ ਦੁਆਰਾ ਪ੍ਰਗਟ ਕੀਤੀ ਜਾਂ ਉਪਲਬਧ ਕਰਵਾਈ ਗਈ ਕੋਈ ਵੀ ਰਾਏ, ਬਿਆਨ, ਉਤਪਾਦ, ਸੇਵਾਵਾਂ ਜਾਂ ਹੋਰ ਜਾਣਕਾਰੀ ਕ੍ਰਮਵਾਰ ਅਜਿਹੇ ਤੀਜੀ ਧਿਰ ਸਪਲਾਇਰਾਂ ਜਾਂ ਉਪਭੋਗਤਾਵਾਂ ਦੇ ਹਨ। ਅਸੀਂ ਕਿਸੇ ਵੀ ਤੀਜੀ ਧਿਰ ਦੁਆਰਾ ਪ੍ਰਦਾਨ ਕੀਤੀ ਗਈ ਕਿਸੇ ਰਾਏ, ਬਿਆਨ ਜਾਂ ਹੋਰ ਜਾਣਕਾਰੀ ਦੀ ਸਟੀਕਤਾ ਜਾਂ ਭਰੋਸੇਯੋਗਤਾ ਦੀ ਨੁਮਾਇੰਦਗੀ ਜਾਂ ਸਮਰਥਨ ਨਹੀਂ ਕਰਦੇ, ਜਾਂ ਇਹ ਦਰਸਾਉਂਦੇ ਜਾਂ ਵਾਰੰਟੀ ਦਿੰਦੇ ਹਾਂ ਕਿ ਸਾਈਟ 'ਤੇ ਪ੍ਰਦਰਸ਼ਿਤ ਸਮੱਗਰੀ ਜਾਂ ਹਵਾਲਾ ਸਮੱਗਰੀ ਜਾਂ ਸੇਵਾ ਪ੍ਰਦਾਤਾਵਾਂ ਦੀ ਤੁਹਾਡੀ ਵਰਤੋਂ ਦੇ ਅਧਿਕਾਰਾਂ ਦੀ ਉਹ ਪਾਰਟੀਆਂ ਜੋ ਰਿਲੇ ਦੀ ਮਲਕੀਅਤ ਨਹੀਂ ਹਨ ਜਾਂ ਰਿਲੇ ਨਾਲ ਸੰਬੰਧਿਤ ਨਹੀਂ ਹਨ ਉਹ ਉਲੰਘਣਾ ਨਹੀਂ ਕਰੇਗੀ। ।

16. ਇਲੈਕਟ੍ਰਾਨਿਕ ਸੰਚਾਰ ਅਤੇ ਸੂਚਨਾ

ਜਦੋਂ ਤੁਸੀਂ ਸਾਈਟ 'ਤੇ ਜਾਂਦੇ ਹੋ ਜਾਂ ਸਾਨੂੰ ਈ-ਮੇਲ ਭੇਜਦੇ ਹੋ, ਤਾਂ ਤੁਸੀਂ ਸਾਡੇ ਨਾਲ ਇਲੈਕਟ੍ਰਾਨਿਕ ਤਰੀਕੇ ਨਾਲ ਸੰਚਾਰ ਕਰ ਰਹੇ ਹੋ ਅਤੇ ਤੁਸੀਂ ਸਾਡੇ ਤੋਂ ਇਲੈਕਟ੍ਰਾਨਿਕ ਤਰੀਕੇ ਨਾਲ ਸੰਚਾਰ ਪ੍ਰਾਪਤ ਕਰਨ ਲਈ ਸਹਿਮਤੀ ਦਿੰਦੇ ਹੋ। ਅਸੀਂ ਤੁਹਾਡੇ ਨਾਲ ਸਾਡੇ ਕੋਲ ਫਾਈਲ 'ਤੇ ਮੌਜੂਦ ਪਤੇ 'ਤੇ ਈ-ਮੇਲ ਦੁਆਰਾ ਤੁਹਾਡੇ ਨਾਲ ਸੰਚਾਰ ਕਰਾਂਗੇ (ਜੇਕਰ ਕੋਈ ਹੈ), ਸਾਡੇ ਦੁਆਰਾ ਪ੍ਰਦਾਨ ਕੀਤੀ ਮੋਬਾਈਲ ਐਪਲੀਕੇਸ਼ਨ ਦੁਆਰਾ ਤੁਹਾਨੂੰ ਸੰਦੇਸ਼ ਭੇਜ ਕੇ, ਜਾਂ ਸਾਈਟ 'ਤੇ ਨੋਟਿਸ ਪੋਸਟ ਕਰਕੇ। ਤੁਸੀਂ ਸਹਿਮਤੀ ਦਿੰਦੇ ਹੋ ਕਿ ਸਾਡੇ ਦੁਆਰਾ ਪ੍ਰਦਾਨ ਕੀਤੇ ਗਏ ਸਾਰੇ ਸਮਝੌਤੇ, ਨੋਟਿਸ, ਖੁਲਾਸੇ ਅਤੇ ਹੋਰ ਸੰਚਾਰ ਇਲੈਕਟ੍ਰਾਨਿਕ ਤੌਰ 'ਤੇ ਕਿਸੇ ਵੀ ਕਾਨੂੰਨੀ ਲੋੜ ਨੂੰ ਪੂਰਾ ਕਰਦੇ ਹਨ ਕਿ ਅਜਿਹੇ ਸੰਚਾਰ ਲਿਖਤੀ ਰੂਪ ਵਿੱਚ ਹੋਣ। ਤੁਸੀਂ ਇਹ ਵੀ ਸਹਿਮਤੀ ਦਿੰਦੇ ਹੋ ਕਿ ਸਾਡੇ ਦੁਆਰਾ ਇਲੈਕਟ੍ਰਾਨਿਕ ਤੌਰ 'ਤੇ ਪ੍ਰਦਾਨ ਕੀਤਾ ਗਿਆ ਕੋਈ ਵੀ ਨੋਟਿਸ ਇਹਨਾਂ ਨਿਯਮਾਂ ਵਿੱਚ ਵਰਣਿਤ ਕਿਸੇ ਵੀ ਇਲੈਕਟ੍ਰਾਨਿਕ ਸੰਚਾਰ ਦੇ ਪ੍ਰਸਾਰਣ ਦੀ ਮਿਤੀ 'ਤੇ ਦਿੱਤਾ ਅਤੇ ਪ੍ਰਾਪਤ ਕੀਤਾ ਗਿਆ ਮੰਨਿਆ ਜਾਵੇਗਾ।

ਇਹਨਾਂ ਸ਼ਰਤਾਂ ਦੇ ਅਧੀਨ ਸਾਡੇ ਦੁਆਰਾ ਲੋੜੀਂਦੇ ਜਾਂ ਇਜਾਜ਼ਤ ਦਿੱਤੇ ਗਏ ਸਾਰੇ ਨੋਟਿਸ ਲਿਖਤੀ ਰੂਪ ਵਿੱਚ ਹੋਣੇ ਚਾਹੀਦੇ ਹਨ ਅਤੇ ਪ੍ਰਮਾਣਿਤ ਡਾਕ ਦੁਆਰਾ, ਵਾਪਸੀ ਦੀ ਬੇਨਤੀ ਕੀਤੀ ਗਈ ਰਸੀਦ, ਜਾਂ ਨਾਮਵਰ ਨਿਰੀਖਣ ਕੀਤੇ ਕੋਰੀਅਰ ਦੁਆਰਾ, ਜਾਂ ਹੱਥ ਡਿਲੀਵਰੀ ਦੁਆਰਾ ਭੇਜੇ ਜਾਣਗੇ, ਬਸ਼ਰਤੇ ਕਿ ਅਸੀਂ ਉੱਪਰ ਦਿੱਤੇ ਪੈਰਾ ਵਿੱਚ ਵਰਣਨ ਕੀਤੇ ਅਨੁਸਾਰ ਇਲੈਕਟ੍ਰਾਨਿਕ ਸੰਚਾਰ ਦੁਆਰਾ ਤੁਹਾਨੂੰ ਲਿਖਤੀ ਨੋਟਿਸ ਪ੍ਰਦਾਨ ਕਰ ਸਕੀਏ। ਰੀਲੇ ਲਈ ਨੋਟਿਸ ਦਾ ਪਤਾ ਰਿਲੇਅ ਪੇਮੈਂਟਸ ਇੰ. 400 ਗੈਲਰੀਆ ਪਾਰਕਵੇਅ, ਸੂਟ 500, ਅਟਲਾਂਟਾ, GA 30339 ਹੈ। ਉੱਪਰ ਦੱਸੇ ਗਏ ਤਰੀਕੇ ਨਾਲ ਭੇਜੀ ਗਈ ਕੋਈ ਵੀ ਨੋਟਿਸ ਇੱਥੇ ਦੱਸੇ ਗਏ ਸਾਰੇ ਉਦੇਸ਼ਾਂ ਲਈ ਕਾਫ਼ੀ ਦਿੱਤਾ ਗਿਆ ਮੰਨਿਆ ਜਾਵੇਗਾ (a) ਪ੍ਰਮਾਣਿਤ ਮੇਲ ਦੇ ਮਾਮਲੇ ਵਿੱਚ, ਯੂਐਸ ਮੇਲ ਵਿੱਚ ਜਮ੍ਹਾ ਕੀਤੇ ਜਾਣ ਤੋਂ ਬਾਅਦ ਦੂਜੇ ਕਾਰੋਬਾਰੀ ਦਿਨ, ਅਤੇ (b) ਓਵਰਨਾਈਟ ਕੋਰੀਅਰ ਜਾਂ ਹੈਂਡ ਡਿਲੀਵਰੀ ਦੇ ਮਾਮਲੇ ਵਿੱਚ, ਡਿਲੀਵਰੀ 'ਤੇ। ਅਸੀਂ ਇਸ ਭਾਗ ਵਿੱਚ ਦਰਸਾਏ ਸਾਧਨਾਂ ਰਾਹੀਂ ਤੁਹਾਨੂੰ ਲਿਖਤੀ ਨੋਟਿਸ ਦੇ ਕੇ ਆਪਣਾ ਨੋਟਿਸ ਪਤਾ ਬਦਲ ਸਕਦੇ ਹਾਂ।

17. ਇਲੈਕਟ੍ਰਾਨਿਕ ਦਸਤਖਤ ਅਤੇ ਸਹਿਮਤੀ

ਗਲੋਬਲ ਅਤੇ ਨੈਸ਼ਨਲ ਕਾਮਰਸ ਐਕਟ (ਈ-ਸਾਈਨ) ਵਿੱਚ ਇਲੈਕਟ੍ਰਾਨਿਕ ਹਸਤਾਖਰਾਂ ਦੇ ਤਹਿਤ, ਇਹ ਸ਼ਰਤਾਂ ਅਤੇ ਇਸ ਨਾਲ ਸਬੰਧਤ ਸਾਰੇ ਇਲੈਕਟ੍ਰਾਨਿਕ ਤੌਰ 'ਤੇ ਲਾਗੂ ਕੀਤੇ ਗਏ ਦਸਤਾਵੇਜ਼ ਹੱਥ ਦੇ ਹਸਤਾਖਰ ਦੁਆਰਾ ਲਾਗੂ ਕੀਤੇ ਗਏ ਹਾਰਡ ਕਾਪੀ ਦਸਤਾਵੇਜ਼ਾਂ ਵਾਂਗ ਕਾਨੂੰਨੀ ਤੌਰ 'ਤੇ ਬਾਈਡਿੰਗ ਹਨ ਜਦੋਂ (a) ਤੁਸੀਂ ਜਾਂ ਤੁਹਾਡੇ ਅਧਿਕਾਰਤ ਪ੍ਰਤੀਨਿਧੀ ਦੋ ਇਲੈਕਟ੍ਰਾਨਿਕ ਦਸਤਖਤ (s) ਇਹਨਾਂ ਨਿਯਮਾਂ ਅਤੇ ਸੰਬੰਧਿਤ ਦਸਤਾਵੇਜ਼ਾਂ ਨਾਲ ਜੁੜੇ ਹੋਏ ਹਨ,(b) ਤੁਸੀਂ ਇਹਨਾਂ ਸ਼ਰਤਾਂ ਅਤੇ ਸੰਬੰਧਿਤ ਦਸਤਾਵੇਜ਼ਾਂ ਨਾਲ ਸਹਿਮਤੀ ਦਿੰਦੇ ਹੋ ਅਤੇ ਉਹਨਾਂ ਦੁਆਰਾ ਬੰਨ੍ਹੇ ਜਾਣ ਦਾ ਇਰਾਦਾ ਰੱਖਦੇ ਹੋ, ਅਤੇ (c) ਇਹ ਸ਼ਰਤਾਂ ਇੱਕ ਇਲੈਕਟ੍ਰਾਨਿਕ ਰਿਕਾਰਡ ਵਿੱਚ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਜੋ ਤੁਸੀਂ ਰਸੀਦ ਦੇ ਸਮੇਂ ਆਪਣੇ ਕੋਲ ਰੱਖ ਸਕਦੇ ਹੋ (ਅਰਥਾਤ, ਇਲੈਕਟ੍ਰਾਨਿਕ ਰਿਕਾਰਡ ਨੂੰ ਪ੍ਰਿੰਟ ਕੀਤਾ ਜਾ ਸਕਦਾ ਹੈ)।

18. ਅਸਾਈਨਮੈਂਟ

ਇਹਨਾਂ ਸ਼ਰਤਾਂ ਅਧੀਨ ਦਿੱਤੇ ਗਏ ਅਧਿਕਾਰ ਤੁਹਾਡੇ ਲਈ ਨਿੱਜੀ ਹਨ ਅਤੇ ਰਹਿਣਗੇ ਅਤੇ ਰਿਲੇਅ ਦੀ ਪੂਰਵ ਲਿਖਤੀ ਸਹਿਮਤੀ ਤੋਂ ਬਿਨਾਂ ਤੁਹਾਡੇ ਦੁਆਰਾ ਨਿਰਧਾਰਤ ਨਹੀਂ ਕੀਤੇ ਜਾਣਗੇ, ਜਿਸ ਨੂੰ ਗੈਰ-ਵਾਜਬ ਤੌਰ 'ਤੇ ਰੋਕਿਆ ਜਾਂ ਦੇਰੀ ਨਹੀਂ ਕੀਤਾ ਜਾਵੇਗਾ। ਰਿਲੇਅ ਕਿਸੇ ਵੀ ਸਮੇਂ ਇਹਨਾਂ ਸ਼ਰਤਾਂ ਦੇ ਅਧੀਨ ਆਪਣੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਨੂੰ ਅਸਾਈਨ ਕਰ ਸਕਦਾ ਹੈ, ਪਰ ਅਜਿਹੀ ਅਸਾਈਨਮੈਂਟ ਦਾ ਤੁਰੰਤ ਲਿਖਤੀ ਨੋਟਿਸ ਪ੍ਰਦਾਨ ਕਰੇਗਾ।

19. ਅਧਿਕਾਰ ਖੇਤਰ; ਸਥਾਨ

ਇਹ ਸ਼ਰਤਾਂ ਜਾਰਜੀਆ ਰਾਜ ਦੇ ਕਨੂੰਨਾਂ ਦੇ ਅਨੁਸਾਰ ਨਿਯੰਤ੍ਰਿਤ ਕੀਤੀਆਂ ਜਾਣਗੀਆਂ ਅਤੇ ਇਸ ਦੇ ਕਨੂੰਨੀ ਪ੍ਰਬੰਧਾਂ ਦੇ ਟਕਰਾਅ ਦੀ ਪਰਵਾਹ ਕੀਤੇ ਬਿਨਾਂ। ਪਾਰਟੀਆਂ ਇਸ ਗੱਲ ਨਾਲ ਸਹਿਮਤ ਹਨ ਕਿ ਸਾਈਟ, ਤੁਹਾਡੇ ਰਿਲੇਅ ਖਾਤੇ ਜਾਂ ਰਿਲੇਅ ਮੋਬਾਈਲ ਐਪ ਦੀ ਤੁਹਾਡੀ ਵਰਤੋਂ ਅਤੇ ਇਸ ਤੱਕ ਪਹੁੰਚ ਤੋਂ ਪੈਦਾ ਹੋਣ ਵਾਲੇ ਕਿਸੇ ਵੀ ਮੁਕੱਦਮੇ ਨੂੰ ਸਿਰਫ਼ ਅਤੇ ਸਿਰਫ਼ ਅਟਲਾਂਟਾ, ਜਾਰਜੀਆ ਵਿੱਚ ਸਥਿਤ ਸੰਘੀ ਜਾਂ ਰਾਜ ਦੀਆਂ ਅਦਾਲਤਾਂ ਵਿੱਚ ਲਿਆਂਦਾ ਜਾਵੇਗਾ। ਪਾਰਟੀਆਂ ਕੋਬ ਕਾਉਂਟੀ, ਜਾਰਜੀਆ ਵਿੱਚ ਸਥਿਤ ਸੰਘੀ ਅਤੇ ਰਾਜ ਅਦਾਲਤਾਂ ਦੇ ਨਿੱਜੀ ਅਧਿਕਾਰ ਖੇਤਰ ਅਤੇ ਸਥਾਨ ਲਈ ਵੀ ਸਹਿਮਤੀ ਦਿੰਦੀਆਂ ਹਨ। ਕਨੂੰਨ ਦੁਆਰਾ ਇਜਾਜ਼ਤ ਦਿੱਤੀ ਗਈ ਹੱਦ ਤੱਕ, ਪਾਰਟੀਆਂ ਜਿਊਰੀ ਦੁਆਰਾ ਮੁਕੱਦਮੇ ਦੀ ਸੁਣਵਾਈ ਕਰਨ ਜਾਂ ਪ੍ਰਤੀਨਿਧੀ ਵਜੋਂ, ਇੱਕ ਪ੍ਰਾਈਵੇਟ ਅਟਾਰਨੀ ਜਨਰਲ ਦੇ ਤੌਰ 'ਤੇ, ਜਾਂ ਕਿਸੇ ਹੋਰ ਪ੍ਰਤੀਨਿਧੀ ਸਮਰੱਥਾ ਵਿੱਚ, ਜਾਂ ਇੱਕ ਮੈਂਬਰ ਵਜੋਂ ਸਹਿਮਤ ਹੋਣ ਦੇ ਕਿਸੇ ਵੀ ਅਧਿਕਾਰ ਨੂੰ ਅਟੱਲ ਤੌਰ 'ਤੇ ਛੱਡਣ ਲਈ ਸਹਿਮਤ ਹਨ, ਇਹਨਾਂ ਨਿਯਮਾਂ ਅਤੇ ਸ਼ਰਤਾਂ, ਕਿਸੇ ਵੀ ਲੈਣ-ਦੇਣ, ਜਾਂ ਰੀਲੇ ਸਿਸਟਮ ਨਾਲ ਸਬੰਧਤ ਕਿਸੇ ਵੀ ਮੁਕੱਦਮੇਬਾਜ਼ੀ, ਸਾਲਸੀ ਜਾਂ ਹੋਰ ਕਾਰਵਾਈ ਵਿੱਚ ਦਾਅਵੇਦਾਰਾਂ ਦੀ ਇੱਕ ਸ਼੍ਰੇਣੀ ਹੈ।

20. ਫ਼ੀਸਾਂ ਅਤੇ ਲਾਗਤਾਂ

ਜੇਕਰ ਕਿਸੇ ਵੀ ਕਿਸਮ ਦੀ ਕੋਈ ਕਾਰਵਾਈ ਲਿਆਂਦੀ ਜਾਂਦੀ ਹੈ ਜਾਂ ਇਹਨਾਂ ਨਿਯਮਾਂ ਦੀਆਂ ਸ਼ਰਤਾਂ ਨੂੰ ਲਾਗੂ ਕਰਨ ਲਈ ਜਾਂ ਇੱਥੇ ਬਕਾਇਆ ਕੋਈ ਪੈਸਾ ਇਕੱਠਾ ਕਰਨ ਲਈ ਜਾਂ ਇਸਦੀ ਉਲੰਘਣਾ ਲਈ ਕਿਸੇ ਵੀ ਪੈਸੇ ਦੇ ਨੁਕਸਾਨ ਨੂੰ ਇਕੱਠਾ ਕਰਨ ਲਈ ਤੁਹਾਡੇ ਜਾਂ ਸਾਡੇ ਦੁਆਰਾ ਕਿਸੇ ਵਕੀਲ ਨੂੰ ਰੱਖਿਆ ਜਾਂਦਾ ਹੈ, ਤਾਂ ਪ੍ਰਚਲਿਤ ਧਿਰ ਹੱਕਦਾਰ ਹੋਵੇਗੀ, ਕਿਸੇ ਹੋਰ ਉਪਾਅ ਤੋਂ ਇਲਾਵਾ, ਵਾਜਬ ਅਟਾਰਨੀ ਦੀਆਂ ਫ਼ੀਸਾਂ, ਅਦਾਲਤੀ ਖਰਚਿਆਂ, ਜਾਂਚ ਦੇ ਖਰਚੇ ਅਤੇ ਹੋਰ ਸਬੰਧਤ ਫ਼ੀਸਾਂ ਅਤੇ ਇਸ ਦੇ ਸਬੰਧ ਵਿੱਚ ਹੋਏ ਖਰਚਿਆਂ ਦੀ ਭਰਪਾਈ ਕਰਨ ਲਈ।

21. ਵਿਭਾਜਨਤਾ

ਜੇਕਰ ਸਮਰੱਥ ਅਧਿਕਾਰ ਖੇਤਰ ਦੀ ਅਦਾਲਤ ਦੁਆਰਾ ਕੋਈ ਵੀ ਮਿਆਦ, ਧਾਰਾ ਜਾਂ ਵਿਵਸਥਾ ਅਵੈਧ ਜਾਂ ਲਾਗੂ ਕਰਨਯੋਗ ਨਹੀਂ ਪਾਈ ਜਾਂਦੀ ਹੈ, ਤਾਂ ਅਜਿਹੀ ਅਯੋਗਤਾ ਕਿਸੇ ਹੋਰ ਮਿਆਦ, ਧਾਰਾ ਜਾਂ ਵਿਵਸਥਾ ਦੀ ਵੈਧਤਾ ਜਾਂ ਸੰਚਾਲਨ ਨੂੰ ਪ੍ਰਭਾਵਤ ਨਹੀਂ ਕਰੇਗੀ ਅਤੇ ਅਜਿਹੀ ਅਵੈਧ ਮਿਆਦ, ਧਾਰਾ ਜਾਂ ਵਿਵਸਥਾ ਨੂੰ ਮੰਨਿਆ ਜਾਵੇਗਾ ਜੋ ਪਾਰਟੀਆਂ ਦੇ ਮੂਲ ਇਰਾਦੇ ਨੂੰ ਨੇੜਿਓਂ ਪ੍ਰਤੀਬਿੰਬਤ ਕਰਦਾ ਹੈ।

22. ਛੋਟ

ਇਹਨਾਂ ਸ਼ਰਤਾਂ ਦੀ ਕਿਸੇ ਵੀ ਉਲੰਘਣਾ ਜਾਂ ਡਿਫਾਲਟ ਦੀ ਛੋਟ ਕਿਸੇ ਵੀ ਬਾਅਦ ਦੀ ਉਲੰਘਣਾ ਜਾਂ ਡਿਫਾਲਟ ਦੀ ਛੋਟ ਨਹੀਂ ਹੋਵੇਗੀ, ਅਤੇ ਮੁਆਫ ਕਰਨ ਵਾਲੀ ਧਿਰ ਦੇ ਅਧਿਕਾਰਾਂ ਨੂੰ ਸੋਧਣ ਜਾਂ ਮੁਆਫ ਕਰਨ ਲਈ ਕੰਮ ਨਹੀਂ ਕਰੇਗੀ।